# ਸੁਖਾਵੇਂ ਸਾਹਾਂ ਦੀ ਤਲਾਸ਼

(ਕਾਵਿ ਸੰਗ੍ਰਹਿ)

# ਸੁਖਾਵੇਂ ਸਾਹਾਂ ਦੀ ਤਲਾਸ਼

(ਕਾਵਿ ਸੰਗ੍ਰਹਿ)

ਭੁਪਿੰਦਰ ਸਿੰਘ ਬੇਦੀ

**Sukhawen Sahan Di Talash**

*Poetry by*

**Bhupinder Singh Bedi**
B-X/113, Ahata Narain Singh, Barnala (Punjab)
Ph. 01679-33045, 94170-61645

2010
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© , 2010*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's and writer's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

ਪਿਆਰੀ ਜਸਵੀਰ ਦੇ ਨਾਂ

# ਤਤਕਰਾ


| | | |
|---|---|---|
| ✲ | ਆਧੁਨਿਕ ਭਾਵ-ਬੋਧ ਸਿਰਜਦੀ ਕਵਿਤਾ / ਡਾ. ਅਮਰ ਕੋਮਲ | 9 |
| ✲ | ਮਹਿਫ਼ਿਲੀ ਬਾਦਸ਼ਾਹ : ਬੇਦੀ /ਬੂਟਾ ਸਿੰਘ ਚੌਹਾਨ | 15 |
| ✲ | ਜ਼ਿੰਦਗੀ ਜਿਉਣਾ | 21 |
| ✲ | ਅਸੀਂ ਜੋ ਵੇਖਦੇ ਨਹੀਂ | 24 |
| ✲ | ਸਾਂਝੀ ਧਰਤੀ | 26 |
| ✲ | ਖ਼ੂਬਸੂਰਤ ਸੁਪਨੇ ਦੀ ਉਡੀਕ | 34 |
| ✲ | ਸੁਖਾਵੇਂ ਸਾਹਾਂ ਦੀ ਤਲਾਸ਼ | 36 |
| ✲ | ਕਦੇ ਚਾਹਿਆ ਸੀ | 38 |
| ✲ | ਬਿਖ਼ਰ ਰਹੇ ਨੇ ਰਿਸ਼ਤੇ | 41 |
| ✲ | ਤਾਰਿਆਂ ਵੱਲ ਤੱਕੋ | 44 |
| ✲ | ਉਲਝੀ ਜ਼ਿੰਦਗੀ | 46 |
| ✲ | ਉਦਾਸ ਪਲਾਂ ਦੀ ਕਥਾ | 49 |
| ✲ | ਜਦ ਹੋਂਦ ਹੀ ਨਾ ਰਹੇ | 51 |
| ✲ | ਯਾਦਾਂ ਦੇ ਅਕਸ | 53 |
| ✲ | ਤਰੇਲ ਬੂੰਦ ਦਾ ਸਫ਼ਰ | 55 |
| ✲ | ਬਿਖੜੇ ਪੈਂਡਿਆਂ ਦੀ ਦਾਸਤਾਨ | 57 |
| ✲ | ਸਿਆਹ ਹਨੇਰੀ | 58 |
| ✲ | ਤ੍ਰਿਸ਼ਨਾ | 60 |
| ✲ | ਆਜ਼ਾਦੀ ਦੇ ਅਰਥ | 63 |
| ✲ | ਬਾਲ ਦਿਵਸ | 66 |
| ✲ | ਸ਼ਹਿਰ | 68 |
| ✲ | ਮਨ ਦੀ ਸ਼ਾਂਤੀ | 71 |
| ✲ | ਹਰ ਸਾਲ | 73 |
| ✲ | ਧੀ ਦਾ ਅਹਿਸਾਸ | 75 |
| ✲ | ਸਿਰਫ਼ ਇਕ ਰਾਤ 'ਚ | 77 |

| | | |
|---|---|---|
| ✰ | ਹੰਝੂਆਂ ਦੇ ਸੋਮੇ | 78 |
| ✰ | ਅੱਗ | 80 |
| ✰ | ਇਕ ਖ਼ਤ | 82 |
| ✰ | ਕੂਕ | 84 |
| ✰ | ਸੁਨਹਿਰੇ ਪਲ | 86 |
| ✰ | ਬਾਹਰੀ ਚਮਕ | 87 |
| ✰ | ਪੈੜ | 88 |
| ✰ | ਹੇ! ਪਿੰਡ | 90 |
| ✰ | ਇਮਤਿਹਾਨ ਬਾਕੀ ਹੈ | 93 |
| ✰ | ਪੁੱਤ ਦੀ ਬਲੀ | 95 |

# ਆਧੁਨਿਕ ਭਾਵ-ਬੋਧ ਸਿਰਜਦੀ ਕਵਿਤਾ

–ਡਾ. ਅਮਰ ਕੋਮਲ

ਕਵੀ ਦੀ ਕਵਿਤਾ ਨੂੰ ਸਮਝਣ ਲਈ ਉਸ ਸਮਾਜ ਤੇ ਸਮੇਂ ਨੂੰ ਵੀ ਸਮਝਣ ਦੀ ਲੋੜ ਹੈ, ਜਿਸ ਵਿਚ ਕਵੀ ਜੀਅ ਰਿਹਾ ਹੈ, ਰਹਿ ਰਿਹਾ ਹੈ, ਵਿਚਰ ਰਿਹਾ ਹੈ। ਸਮੇਂ ਤੇ ਸਮਾਜ ਦਾ ਕਵੀ ਦੇ ਮਨ ਉਪਰ ਸਿੱਧੇ–ਅਸਿੱਧੇ ਜੋ ਪ੍ਰਭਾਵ ਪੈਂਦਾ ਹੈ, ਉਸਦੀ ਪ੍ਰਕਿਰਿਆ ਤੋਂ ਕਵੀ ਮਨ ਵਿਚ ਵਲਵਲੇ ਉਪਜਦੇ ਹਨ। ਕਲਪਨਾ ਉਡਾਰੀ ਪੈਦਾ ਹੁੰਦੀ ਹੈ। ਜਿੰਨੀ ਤੀਬਰਤਾ ਡੂੰਘਾਈ ਵਿਚ ਕਵੀ ਸਮੇਂ ਤੇ ਸਮਾਜ ਦੇ ਯਥਾਰਥ ਨੂੰ ਸਮਝਦਾ ਹੈ, ਓਨੀ ਸੂਖ਼ਮਤਾ ਨਾਲ ਵੇਖੇ, ਸਮਝੇ, ਪਰਖੇ ਸਮਾਜਿਕ ਸੱਭਿਆਚਾਰਕ ਯਥਾਰਥ ਨੂੰ ਪ੍ਰਤੀਕਾਂ, ਬਿੰਬਾਂ ਤੇ ਭਾਸ਼ਾ ਦੀਆਂ ਸੂਖ਼ਮ ਕਲਾ ਵਿਧੀਆਂ ਰਾਹੀਂ ਅਭਿਵਅਕਤ ਕਰਦਾ ਹੈ। ਦਰਅਸਲ ਕਵੀ ਬਾਹਰੀ ਯਥਾਰਥ ਤੋਂ ਪ੍ਰਭਾਵਿਤ ਹੋ ਕੇ ਆਪਣੇ ਮਨ ਅੰਦਰ ਵੇਦਨਾ, ਪੀੜਾ, ਖ਼ੁਸ਼ੀ, ਗ਼ਮੀ ਦੇ ਤੀਬਰ ਅਹਿਸਾਸ ਜਗਾਉਂਦਾ ਹੈ। ਇਹੋ ਮਨੋਭਾਵ ਪਹਿਲਾਂ ਨਿੱਜੀ ਜਾਪਦੇ ਹਨ। ਜਦੋਂ ਸਮੂਹਿਕ ਦੁੱਖ, ਦਰਦ, ਗ਼ਮੀ, ਖ਼ੁਸ਼ੀ ਦੀ ਪ੍ਰਤਿਨਿਧਤਾ ਕਰਦੇ ਹਨ ਤਾਂ ਸਰਵ ਵਿਆਪਕ ਬਣ ਜਾਂਦੇ ਹਨ। ਕਵੀ ਮਨ ਦੇ ਭਾਵ ਕਵਿਤਾ ਦਾ ਰੂਪ ਉਸ ਸਮੇਂ ਧਾਰਨ ਕਰਦੇ ਹਨ, ਜਦੋਂ ਭਾਸ਼ਾ ਦੇ ਮਾਧਿਅਮ ਰਾਹੀਂ ਬਾਹਰੀ ਪ੍ਰਤੀਕਾਂ, ਬਿੰਬਾਂ ਰਾਹੀਂ ਅਭਿਵਿਅਕਤ ਹੋਣ। ਕਵਿਤਾ ਨੂੰ ਕਲਾ ਇਸੇ ਲਈ ਕਿਹਾ ਜਾਂਦਾ ਹੈ ਕਿ ਕਵੀ ਦੇ ਅੰਤਰਮੁਖੀ ਭਾਵਾਂ ਨੂੰ ਸ਼ਬਦਾਂ ਦੇ ਮਾਧਿਅਮ ਰਾਹੀਂ ਪ੍ਰਗਟਾਇਆ ਜਾਂਦਾ ਹੈ। ਚੰਗਾ ਕਵੀ ਭਾਸ਼ਾ ਦਾ ਕਾਰੀਗਰ, ਸ਼ਬਦਾਂ ਦਾ ਜਾਦੂਗਰ ਅਤੇ ਰਸਾਤਮਿਕ ਗੁਣਾਂ ਦਾ ਧਾਰਨੀ ਹੁੰਦਾ ਹੈ। ਕਵੀ ਦੇ ਭਾਵ ਜਦ ਸ਼ਬਦਾਂ ਦਾ ਰੂਪ ਧਾਰਨ ਕਰਦੇ ਹਨ ਤਾਂ ਉਨ੍ਹਾਂ ਵਿਚ ਅਰਥ ਭਰੇ ਜਾਂਦੇ ਹਨ। ਕਵਿਤਾ ਵਿਚ ਵਿਚਾਰ ਤੋਂ ਬਣੇ ਭਾਵ ਡੂੰਘਾਈ ਤੇ ਗੰਭੀਰਤਾ ਦਾ ਰੂਪ ਧਾਰਨ ਕਰਦੇ ਹਨ। ਇਹ ਗੱਲ ਸਮਝਣ ਯੋਗ ਹੈ ਕਿ ਕਵਿਤਾ ਵਿਚ ਮਨੋਭਾਵ ਕਲਪਨਾ ਤੇ ਬੁੱਧੀ ਦਾ ਆਪਣਾ–ਆਪਣਾ ਯੋਗਦਾਨ ਹੈ। ਮਨੋਭਾਵ ਤਾਂ ਹੀ ਸਾਰਥਿਕ, ਨਰੋਏ ਅਤੇ ਤੀਖਣ ਹੋ ਸਕਦੇ ਹਨ, ਜੇਕਰ ਕਲਪਨਾ ਦੇ ਨਾਲ ਬੁੱਧੀ ਦਾ ਯੋਗਦਾਨ ਵੀ ਹੋਵੇ।

ਕਵੀ ਦੀ ਵਿਅਕਤੀਗਤ ਚੇਤਨਾ, ਸੂਝ, ਸਮਝ, ਸੋਚ, ਸਿਧਾਂਤਕ ਚੋਣ ਯਥਾਰਥ ਨਾਲ ਰਚਨਾਤਮਿਕ ਰਿਸ਼ਤੇ ਦੀ ਸਥਾਪਤੀ ਤੇ ਭਾਸ਼ਾ ਸ਼ੈਲੀ ਦੀ ਕਲਾਤਮਿਕ ਵਰਤੋਂ ਵੀ ਕਵੀ ਨੂੰ ਪ੍ਰਤਿਭਾਵਾਨ ਬਣਾਉਂਦੀ ਹੈ। ਕਵੀ ਯਥਾਰਥ ਦੇ ਸੱਚ ਨੂੰ ਕਿਸ ਤਰ੍ਹਾਂ ਤੇ ਕਿਵੇਂ ਗ੍ਰਹਿਣ ਕਰਦਾ ਹੈ? ਕਵੀ ਦੀ ਵਿਚਾਰਧਾਰਾ ਦਾ ਆਧਾਰ ਕੋਈ ਸਿਧਾਂਤ ਹੈ? ਕਵੀ ਕਿਸ ਦ੍ਰਿਸ਼ਟੀਕੋਣ ਤੋਂ ਯਥਾਰਥ ਨੂੰ ਗ੍ਰਹਿਣ ਕਰਦਾ ਹੈ? ਆਦਿ ਪ੍ਰਸ਼ਨਾਂ ਦੇ ਉਤਰ ਕਵੀ ਦੀ ਕਵਿਤਾ ਨੂੰ ਸਮਝਣ ਤੇ ਸਮਝਾਉਣ ਵਿਚ ਸਾਡੀ ਸਹਾਇਤਾ ਕਰ ਸਕਦੇ ਹਨ। ਹਾਂ ਜਿਹੜਾ ਕਵੀ ਯਥਾਰਥ ਨੂੰ ਤਿੱਖੀ ਗੰਭੀਰ ਸੰਵੇਦਨਾ ਨਾਲ ਨਿਵੇਕਲੇ ਰੂਪ ਵਿਚ ਅਪਣਾਉਂਦਾ ਹੈ, ਉਹ ਕਵੀ ਸੱਚਮੁੱਚ ਪਾਠਕਾਂ ਦਾ ਧਿਆਨ ਰਖਦਾ ਹੈ। ਉਸ ਕਵੀ ਦੀ ਕਵਿਤਾ ਜ਼ਰੂਰ ਰਚਨਾਤਮਿਕ ਹੋ ਸਕਦੀ ਹੈ।

ਭੁਪਿੰਦਰ ਸਿੰਘ ਬੇਦੀ ਪਿਛਲੇ ਕਈ ਦਹਾਕਿਆਂ ਤੋਂ ਸਾਹਿਤ ਦਾ ਮੂਕ ਪ੍ਰੇਮੀ ਹੈ। ਪਿਛਲੇ ਕਈ ਸਾਲਾਂ ਤੋਂ ਉਹ ਕਵਿਤਾ ਨੂੰ ਇਕ ਵਿਦਿਆਰਥੀ ਵਾਂਗ ਸਮਝਣ ਦੇ ਯਤਨ ਵਿਚ ਵੀ ਹੈ ਤੇ ਕਵਿਤਾ ਲਿਖਣ ਦਾ ਅਭਿਆਸ ਕਰ ਰਿਹਾ ਹੈ। ਸ਼ਬਦਾਂ ਦੇ ਅਰਥਾਂ ਦੀ ਖੇਡ ਦਾ ਖਿਡਾਰੀ ਬਣਨ ਦੇ ਯਤਨ ਵਿਚ ਕਵਿਤਾ ਨਾਲ ਸੰਵਾਦ ਰਚਾ ਰਿਹਾ ਹੈ। ਭਾਵ ਅਤੇ ਪ੍ਰਗਟਾਅ ਦਾ ਅਭਿਆਸ ਕਰਦਿਆਂ ਉਸਨੇ ਵਧੇਰੇ ਕਵਿਤਾ ਹੀ ਰਚੀ ਹੈ। ਇੱਕੀਵੀਂ ਸਦੀ ਦੇ ਮੁਢਲੇ ਸਾਲ ਉਸਨੇ ਆਪਣੀਆਂ ਕਵਿਤਾਵਾਂ ਦਾ ਪਹਿਲਾ ਕਾਵਿ ਸੰਗ੍ਰਹਿ 'ਸੁਖਾਵੇਂ ਸਾਹਾਂ ਦੀ ਤਲਾਸ਼' ਪ੍ਰਕਾਸ਼ਿਤ ਕਰਵਾਉਣ ਦਾ ਫੈਸਲਾ ਕੀਤਾ ਹੈ।

ਭੁਪਿੰਦਰ ਸਿੰਘ ਬੇਦੀ ਦੇ ਇਸ ਸੰਗ੍ਰਹਿ ਦੀਆਂ ਕਵਿਤਾਵਾਂ ਦਾ ਸਹਿਜ ਪਾਠ ਕਰਦਿਆਂ ਇਹ ਅਹਿਸਾਸ ਪੈਦਾ ਹੁੰਦਾ ਹੈ ਕਿ ਉਸਦੀ ਕਵਿਤਾ ਜ਼ਿੰਦਗੀ ਨਾਲ ਸੰਵਾਦ ਰਚਾਉਂਦੀ ਹੋਈ ਧਰਤੀ ਨਾਲ ਆਪਣਾ ਰਿਸ਼ਤਾ ਜੋੜਦੀ ਹੈ। ਇਨਸਾਨੀਅਤ ਦੇ ਬੂਟੇ ਉਪਰ ਮੁਹੱਬਤ ਦੇ ਮਹਿਕਦੇ ਫੁੱਲ ਦੇਖਣ ਦੀ ਤਮੰਨਾ ਕਰਦੀ ਹੈ। ਖ਼ੂਬਸੂਰਤ ਸੁਪਨਿਆਂ ਨੂੰ ਸਿਰਜਦੀ ਹੈ। ਸੁਖਾਵੇਂ ਸਾਹਾਂ ਦੀ ਤਲਾਸ਼ ਕਰਦੀ ਹੋਈ ਤਾਰਿਆਂ ਸੰਗ ਬਾਤਾਂ ਪਾਉਂਦੀ ਹੈ। ਕਵੀ ਸੁਚੇਤ ਹੈ, ਸਮੇਂ 'ਤੇ ਸਮਾਜ ਦੇ ਯਥਾਰਥ ਨੂੰ ਸਮਝਣ ਦਾ ਯਤਨ ਕਰਦਾ ਹੈ। ਜਿਥੇ ਰਿਸ਼ਤਿਆਂ ਦੀ ਟੁੱਟ-ਭੱਜ ਹੈ, ਉਦਾਸ ਪਲਾਂ ਦੀ ਕਥਾ ਦੁੱਖ ਸਿਰਜਦੀ ਹੈ। ਜਿਥੇ ਅਹਿਸਾਸਾਂ ਦੀਆਂ ਤੰਦਾਂ ਟੁਟਦੀਆਂ ਹਨ। ਗਿਲੇ-ਸ਼ਿਕਵਿਆਂ ਦੀ ਲੰਮੀ ਸੂਚੀ ਹੈ। ਬਿਖੜੇ ਪੈਂਡਿਆਂ ਦਾ ਦਰਦ ਹੈ। ਸਿਆਹ ਹਨ੍ਹੇਰੀ ਹੈ। ਸਹਿਮ ਦੀ ਫ਼ਿਜ਼ਾ ਹੈ। ਸ਼ਹਿਰ ਦੀ ਵੇਦਨਾ ਹੈ। ਮਨ ਦੀਆਂ ਪਰਤਾਂ ਦਾ ਸ਼ੋਰ ਹੈ। ਕਵੀ ਬੇਚੈਨ ਹੈ। ਜ਼ਿੰਦਗੀ ਕਿਵੇਂ ਕਰਵਟ ਲਵੇ? ਹੰਝੂਆਂ ਦੇ ਸੋਮੇ ਕਿਵੇਂ ਖ਼ਤਮ ਕੀਤੇ ਜਾਣ? ਕਵੀ ਸੰਤਾਪ ਦੀ ਸੂਲ਼ੀ ਦਾ ਦਰਦ ਹੰਢਾਉਂਦਾ ਹੈ। ਆਜ਼ਾਦੀ ਦੇ ਅਰਥ ਢੂੰਡਦਾ ਹੈ। ਨਾਲੋ-ਨਾਲ ਧਰਤੀ ਵੱਲ ਵੇਖਦਾ ਹੈ। ਸਾਂਝੀ ਧਰਤੀ ਦੀ ਵੇਦਨਾ ਨੂੰ ਕਵੀ ਨੇ ਬੜੇ ਸੰਵੇਦਨ ਲਹਿਜ਼ੇ ਵਿਚ ਉਲੀਕਿਆ ਹੈ। ਕਵਿਤਾ ਦਾ ਸਹਿਜ ਪਾਠ ਕੀਤਿਆਂ ਏਨੀ ਕੁ ਤਸੱਲੀ ਜ਼ਰੂਰ ਹੁੰਦੀ ਹੈ ਕਿ ਭੁਪਿੰਦਰ ਸਿੰਘ ਦੀ ਕਵਿਤਾ ਨਵਾਂ ਕੁਝ ਕਹਿਣ ਦੇ ਯਤਨ ਵਿਚ ਹੈ। ਉਸਨੇ ਸਮੇਂ ਤੇ ਸਮਾਜ ਦੀ ਤੋਰ ਨੂੰ ਸਮਝਣ ਦੇ ਯਤਨ ਕੀਤੇ ਹਨ। ਉਸਦੀ ਕਵਿਤਾ ਵਿਚ ਬੁੱਧੀ ਅਤੇ ਵਿਚਾਰ ਤੱਤਾਂ ਦੇ ਨਾਲ-ਨਾਲ ਭਾਵਾਤਮਿਕ ਦਾ ਵੀ ਸਮਿਸ਼ਰਣ ਹੈ। ਦੂਜੇ ਸ਼ਬਦਾਂ ਵਿਚ ਉਸਨੇ ਆਪਣੇ ਮਨੋਵੇਗ ਅਤੇ ਕਲਪਨਾ ਦੇ ਰਾਹੀਂ ਜ਼ਿੰਦਗੀ ਸਮਾਜ ਅਤੇ ਸਮੇਂ ਦੇ ਯਥਾਰਥ ਨੂੰ ਸਮਝ ਕੇ ਇਨ੍ਹਾਂ ਸਾਰੇ ਤੱਤਾਂ ਦੀ ਵਿਆਖਿਆ ਕਰਨ ਦੇ ਯਤਨ ਕੀਤੇ ਹਨ। ਭੁਪਿੰਦਰ ਦੀ ਇਹ ਕਵਿਤਾ ਸਾਦਗੀ ਯਥਾਰਥ ਤੇ ਸੰਵੇਦਨਾ ਦਾ ਸੰਗਮ ਕਹੀ ਜਾ ਸਕਦੀ ਹੈ। ਸਿਧਾਂਤਕ ਦ੍ਰਿਸ਼ਟੀ ਤੋਂ ਅਧਿਐਨ ਕੀਤਿਆਂ ਭੁਪਿੰਦਰ ਦੀ ਕਵਿਤਾ ਜ਼ਿੰਦਗੀ ਸਮੇਂ ਤੇ ਸਮਾਜ ਸਬੰਧੀ ਬੌਧਿਕ ਦ੍ਰਿਸ਼ਟੀ ਤੋਂ ਨਵੀਆਂ ਗੱਲਾਂ ਨਵੇਂ ਅੰਦਾਜ਼ ਵਿਚ ਕਰਨ ਦਾ ਸਾਹਿਸ ਕਰਦੀ ਜਾਪਦੀ ਹੈ। ਇੰਝ ਕਰਦਿਆਂ ਉਸਨੇ ਆਪਣੀ ਦ੍ਰਿਸ਼ਟੀ ਕਲਿਆਣਮਈ ਅਤੇ ਪਿਆਰੀ ਬਣਾਈ ਰੱਖੀ ਹੈ। ਉਸਦੀ ਸਮੁੱਚੀ ਕਵਿਤਾ ਦਾ ਵਰਤਾਰਾ ਬੌਧਿਕ ਜਗਿਆਸਾ ਵਾਲਾ ਹੈ। ਉਹ ਅਜੋਕੇ ਹਾਲਾਤ ਵਿਚ ਵਾਪਰੀ ਪਦਾਰਥਵਾਦੀ ਸੱਭਿਆਚਾਰ ਦੀ ਕਠੋਰਤਾ ਨੂੰ ਅਨੁਭਵ ਕਰਦਾ ਹੈ। ਇਸੇ ਲਈ ਉਸਨੇ ਜ਼ਿੰਦਗੀ ਸਬੰਧੀ ਵੱਖਰੇ-ਵੱਖਰੇ ਕੋਣ ਤੋਂ ਆਪਣੇ ਤੀਬਰ ਅਹਿਸਾਸਾਂ ਨੂੰ ਕਵਿਤਾਇਆ ਹੈ।

ਜ਼ਿੰਦਗੀ ਜਿਉਣਾ
ਸੋਚ ਦੇ ਖੰਭਾਂ
ਦਾ ਵਿਸਥਾਰ ਕਰਨਾ ਹੈ
ਖੁੱਲ੍ਹੇ ਅਸਮਾਨ 'ਚ
ਉਡਾਰੀਆਂ ਲਾ ਕੇ
ਹਿਰਦਾ ਵਿਸ਼ਾਲ ਕਰਨਾ ਹੈ
ਧਰਤੀ 'ਤੇ ਖਿੱਲਰੀ ਚੋਗ ਵੇਖ ਕੇ
ਦਿਸ਼ਾ ਗਵਾਉਣਾ ਨਹੀਂ

ਕਵੀ ਦਾ ਜੀਵਨ ਪ੍ਰਤੀ ਨਜ਼ਰੀਆ ਪ੍ਰਗਤੀਵਾਦੀ ਅਨੁਭਵ ਵਾਲਾ ਚੇਤਨਮੁਖੀ ਤੇ ਉਸਾਰੂ ਹੈ।

ਜ਼ਿੰਦਗੀ ਜਿਉਣਾ
ਲੰਬੀ ਜੰਗ ਲੜਨਾ ਹੈ
ਹੱਕ-ਸੱਚ ਤੇ ਇਨਸਾਫ਼ ਦੀ

ਕਵੀ ਜ਼ਿੰਦਗੀ ਨੂੰ ਗਤੀਸ਼ੀਲ ਪ੍ਰਕ੍ਰਿਆ ਸਮਝਦਾ ਹੈ 'ਜ਼ਿੰਦਗੀ ਜਿਉਣਾ' ਵਗਦੇ ਪਾਣੀਆਂ 'ਤੇ ਤੁਰਨਾ ਹੈ। ਭੁਪਿੰਦਰ ਸਮੇਂ ਵਿਚ ਵਿਚਰਦਾ ਹੋਇਆ ਸਮਾਜਿਕ ਯਥਾਰਥ ਦੀ ਜਦ ਪਹਿਚਾਣ ਕਰਦਾ ਹੈ ਤਾਂ ਉਸਨੂੰ ਚਾਰੇ ਪਾਸੇ ਵਿਸੰਗਤੀ ਦੇ ਤ੍ਰਾਸਦ ਅਨੁਭਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਸਾਡੇ ਲੋਕਾਂ ਵਿਚ ਆਚਰਣਕ ਤੇ ਸਦਾਚਾਰਕ ਗਿਰਾਵਟ ਆ ਗਈ ਹੈ। ਨੈਤਿਕਤਾ ਖੰਡਿਤ ਹੈ। ਅਸੀਂ ਆਪ ਸਿਰਜੇ ਦਾਇਰਿਆਂ ਵਿਚ ਕੈਦ ਹੋ ਗਏ ਹਾਂ। ਕਵੀ ਇਸ ਸਭ ਕੁਝ ਨੂੰ ਅਨੁਭਵ ਕਰਦਾ ਹੈ।

ਅਜੀਬ ਦਾਇਰਿਆਂ 'ਚ
ਵਾ-ਵਰੋਲਿਆਂ ਵਾਂਗ
ਘਿਰ ਗਈ ਹੈ ਜ਼ਿੰਦਗੀ
ਅਤੇ
ਦਾਇਰੇ ਹੁਣ ਵੀ ਨੇ
ਜਿਨ੍ਹਾਂ 'ਚ ਹੁਣ ਵੀ ਘਿਰੇ ਹਾਂ
ਸੋਚ ਵੀ ਘਿਰੀ ਹੈ
ਹੋਰ ਕੁਝ ਨਹੀਂ ਬਦਲਿਆ
ਬਦਲੇ ਨੇ ਯੁੱਧ ਦੇ ਮੈਦਾਨ

ਫਿਰ ਵੀ ਕਵੀ ਨਿਰਾਸ਼ ਨਹੀਂ। ਸਭ ਕੁਝ ਹੁੰਦਿਆਂ ਉਹ ਜ਼ਿੰਦਗੀ ਦੀ ਗਤੀਸ਼ੀਲਤਾ ਵਿਚ ਵਿਸ਼ਵਾਸ ਰਖਦਾ ਹੈ। ਜ਼ਿੰਦਗੀ ਨੂੰ ਵਹਿਣ ਸੁਗੰਧ, ਵੰਝਲੀ, ਮੁਹੱਬਤ ਦੀ ਕਿਤਾਬ ਅਤੇ ਰੂਹ ਤੋਂ ਰੂਹ ਤੱਕ ਦਾ ਸਫ਼ਰ ਸਮਝਦਾ ਹੈ। ਇਹ ਉਸਦੀ ਵਿਚਾਰਧਾਰਾਈ-

ਚੇਤਨਾ ਹੈ ਕਿ ਉਹ ਵਿਯੋਗ, ਨਿਰਾਸ਼ਾ, ਹਨੇਰੇ, ਭੁੱਖ, ਗਰੀਬੀ, ਵਿਤਕਰੇ ਹੁੰਦੇ ਹੋਏ ਵੀ ਇਸ ਸੰਤਾਪ ਦੀ ਕਰੋਪੀ ਦਾ ਸ਼ਿਕਾਰ ਨਹੀਂ ਬਣਦਾ। ਕਵੀ ਦੀ ਇਹ ਚੇਤਨਾ-ਸਮੂਹਿਕ ਚੇਤਨਾ ਸ਼ਕਤੀ ਬਣਦੀ ਹੈ। ਉਹ ਸਮਾਜਿਕ ਹਿਤਾਂ ਦੀ ਗੱਲ ਕਰਦਾ ਹੈ। ਵਸਤੂ-ਸਥਿਤੀ ਦੇ ਯਥਾਰਥ ਵਿਚ ਅਧੋਗਤੀ ਦੇ ਹਨ੍ਹੇਰੇ ਵਿਚ ਵੀ 'ਸੁਖਾਵੇਂ ਸਾਹਾਂ ਦੀ ਤਲਾਸ਼' ਕਰਦਾ ਹੈ। ਭਾਵੇਂ ਅੱਜ ਦੇ ਮਾਹੌਲ ਵਿਚ ਆਜ਼ਾਦੀ ਨਾਲ ਸਾਹ ਲੈਣਾ ਔਖਾ ਹੈ। ਪ੍ਰਦੂਸ਼ਿਤ ਵਾਤਾਵਰਣ ਹੈ। ਉਦਾਸ ਪਲਾਂ ਦੀ ਕਥਾ ਕਰਦਾ ਹੋਇਆ ਕਵੀ ਸਮਾਜ ਵਿਚ ਆਈ ਗਿਰਾਵਟ ਦਾ ਜ਼ਿਕਰ ਕਰਦਾ ਹੈ, ਜਿਸ ਸਮਾਜ ਵਿਚ ਮੰਗਤੇ ਹਨ। ਲਲਚਾਈਆਂ ਨਜ਼ਰਾਂ ਹਨ। ਝੂਠੇ ਲਾਰੇ ਹਨ। ਨੇਤਾ ਸੁੱਤੇ ਪਏ ਹਨ। ਦਸਾਂ ਨਹੁੰਆਂ ਨੂੰ ਹੁਣ ਕਿਰਤ ਨਹੀਂ ਮਿਲਦੀ। ਭਟਕਦੇ ਪੈਰ ਮੰਜ਼ਿਲ ਦੀ ਤਲਾਸ਼ ਨਹੀਂ ਕਰ ਸਕਦੇ ਤਾਂ ਅਜਿਹੇ ਸਮਾਜ ਵਿਚ ਨਿਰਾਸ਼ ਨਾ ਹੋਣ ਤੋਂ ਸਿਵਾਏ ਹੋਰ ਕੋਈ ਚਾਰਾ ਨਹੀਂ ਕਿਉਂਕਿ :-

ਡਰਿਆ-ਡਰਿਆ ਹੈ ਆਦਮੀ
ਡਰੀ ਹੋਈ ਹੈ ਫ਼ਿਜ਼ਾ
ਡਰਦਾ ਹੈ ਆਦਮੀ ਹੀ ਆਦਮੀ ਤੋਂ
ਇੱਕੀਵੀਂ ਸਦੀ
ਨੇੜੇ ਹੈ ਆ ਰਹੀ
ਇਨਸਾਨ ਨੇ ਤਰੱਕੀ
ਹੈ ਬਹੁਤ ਕਰ ਲਈ
ਵੱਡੀ ਮੱਛੀ ਛੋਟੀ ਨੂੰ ਹੈ ਖਾ ਰਹੀ

ਇਹ ਬਿਖੜੇ ਪੈਂਡਿਆਂ ਦੀ ਦਾਸਤਾਨ ਹੈ। ਜੋ ਬਹੁਤ ਲੰਬੀ ਹੈ। ਕਵੀ ਉਸ ਸਿਆਹ ਹਨ੍ਹੇਰੀ ਨੂੰ ਵੀ ਅਹਿਸਾਸਦਾ ਹੈ, ਜਿਸ ਕਾਰਨ ਚਾਰੇ ਪਾਸੇ ਅੰਧਕਾਰ ਹੈ, ਜਿਸ ਕਾਰਨ ਪੱਤੇ ਕੰਬ ਰਹੇ ਹਨ। ਰੁੱਖ ਢਹਿ-ਢੇਰੀ ਹੋ ਰਹੇ ਹਨ।

ਕਵੀ ਉਸ ਸ਼ੋਰ ਨੂੰ ਵੀ ਅਨੁਭਵ ਕਰ ਰਿਹਾ ਹੈ, ਜਿਸ ਨਾਲ਼ ਰੂਹ ਸੰਤਾਪੀ ਗਈ ਹੈ। ਮਨ ਭਟਕਦਾ ਹੈ। ਇਹ ਸ਼ੋਰ ਅੰਦਰ ਵੀ ਹੈ, ਬਾਹਰ ਵੀ ਹੈ, ਜਿਸ ਕਾਰਨ ਭਟਕਣਾ ਹੈ।

ਭੁਪਿੰਦਰ ਦੀਆਂ ਇਨ੍ਹਾਂ ਕਵਿਤਾਵਾਂ ਵਿਚ ਅਜਿਹੇ ਤੱਤਾਂ ਦੇ ਵੀ ਦਰਸ਼ਨ ਹੁੰਦੇ ਹਨ, ਜਿਨ੍ਹਾਂ ਨੂੰ ਅਸੀਂ ਉਸਦੇ ਕਾਵਿ ਸੰਕਲਪ ਕਹਿ ਸਕਦੇ ਹਾਂ। ਇਨ੍ਹਾਂ ਪਿੱਛੇ ਜੋ ਕਾਵਿ ਸਿਧਾਂਤ ਕਾਰਜਸ਼ੀਲ ਹੈ, ਉਹ ਕਵੀ ਮਨ ਵਿਚਲੇ ਦਵੰਦਾਤਮਿਕ ਸੰਘਰਸ਼ ਦੀ ਦੇਣ ਹੈ। ਕਵੀ ਨੇ ਇਸੇ ਪਰਕਰਣ ਵਿਚ ਉਦਾਸੀ ਦੇ ਨਾਲ਼ ਖ਼ੁਸ਼ੀ, ਨਿਰਾਸ਼ਾ ਦੇ ਨਾਲ਼ ਚਾਨਣ ਅਤੇ ਪ੍ਰਦੂਸ਼ਿਤ ਵਾਤਾਵਰਣ ਦੇ ਨਾਲ਼ ਮਹਿਕਦੇ ਆਲ਼ੇ-ਦੁਆਲ਼ੇ ਦੀ ਗੱਲ ਕੀਤੀ ਹੈ। ਇਸ ਪ੍ਰਕਿਰਿਆ ਅਧੀਨ ਹੀ ਖ਼ੂਬਸੂਰਤ ਸੁਪਨੇ ਦੀ ਉਡੀਕ ਕਰਦਾ ਹੈ। ਆਸ਼ਾਵਾਦੀ ਬਣਦਾ ਹੈ, ਜਿਸ ਕਾਰਨ ਉਸਨੂੰ ਉਸਦਾ ਆਲ਼ਾ-ਦੁਆਲ਼ਾ ਜਿਉਂਦਾ ਜਾਗਦਾ ਜਾਪਦਾ ਹੈ। ਉਸਦੇ ਹੱਥਾਂ ਉਪਰ ਆਸ ਦੇ ਦੀਵੇ ਜਗਦੇ ਹਨ। ਖ਼ੂਬਸੂਰਤ ਸੁਪਨੇ ਲੈਣ ਦੀ ਪ੍ਰਕਿਰਿਆ ਖ਼ੁਸ਼ਹਾਲ ਜੀਵਨ ਦੀ ਨੀਂਹ ਹੈ। ਵਿਕਾਸ ਦਾ ਮੂਲ ਮੰਤਰ ਹੈ। ਅਮਨ ਦੀ ਇੱਛਾ ਹੈ। ਇਹ ਵਿਚਾਰ ਉਸ ਵਿਅਕਤੀ ਵਿਚ ਹੀ ਜਨਮ ਲੈਂਦੇ ਹਨ, ਜੋ ਆਸ਼ਾਵਾਦੀ ਹੈ। ਜੋ ਬੌਧਿਕ ਦ੍ਰਿਸ਼ਟੀ ਦਾ

ਮਾਲਕ ਹੈ, ਜਿਸਦੇ ਮੱਥੇ ਵਿਚ ਤੀਜੀ ਅੱਖ ਉਗ ਪਈ ਹੈ। ਕਵੀ ਇਸੇ ਦ੍ਰਿਸ਼ਟੀ ਦਾ ਲਖਾਇਕ ਬਣਦਾ ਹੋਇਆ 'ਸੁਖਾਵੇਂ ਸਾਹਾਂ ਦੀ ਤਲਾਸ਼' ਕਰਦਾ ਹੈ। ਸੁਖਾਵੇਂ ਸਾਹਾਂ ਨੂੰ ਪ੍ਰਾਪਤ ਕਰਨਾ ਹਰ ਇਕ ਦਾ ਜਨਮ ਸਿੱਧ ਅਧਿਕਾਰ ਹੈ। ਜਦੋਂ ਅਧਿਕਾਰ ਪ੍ਰਾਪਤ ਨਹੀਂ ਹੁੰਦੇ ਤਾਂ ਹੀ ਲੋਕ ਮਨ ਦੇ ਜਜ਼ਬੇ ਬਗ਼ਾਵਤ ਦਾ ਰੂਪ ਧਾਰਨ ਕਰਦੇ ਹਨ।

ਕਹਿੰਦੇ ਹਨ
ਜਦ ਧਰਤੀ ਵੀ
ਭਰ ਜਾਂਦੀ ਹੈ
ਹਵਾ ਦੇ ਨਾਲ਼
ਪੂਰੇ ਸਾਹ ਦੀ ਭਾਲ਼ 'ਚ
ਉਹ ਵੀ ਬਣ ਜਾਂਦੀ ਹੈ
ਤੂਫਾਨ ਜਵਾਲਾਮੁਖੀ ਤੇ ਭੁਚਾਲ

ਇਹ ਵਿਗਿਆਨਕ ਸੱਚ ਹੈ। ਬਾਵਾ ਬਲਵੰਤ ਦੇ ਅਨੁਸਾਰ 'ਤੰਗ ਆਈਆਂ ਕਲੀਆਂ ਤੇ ਸਤਾਏ ਹੋਏ ਫੁੱਲ, ਲਾਹ ਦੇਣਗੇ ਮਾਲੀ ਦੀ ਦਸਤਾਰ ਕਿਸੇ ਦਿਨ'।

ਕਈ ਵਾਰ ਭੁਪਿੰਦਰ ਭਾਵੁਕ ਲਹਿਜ਼ੇ ਵਿਚ ਯਾਦਾਂ ਦੇ ਅਕਸ ਲੱਭਣ ਦਾ ਯਤਨ ਕਰਦਾ ਹੈ। ਇਕ ਖ਼ਤ ਰਾਹੀਂ ਆਪਣੇ ਦਿਲ ਦੀ ਵੇਦਨਾ ਕਹਿੰਦਾ ਹੈ। ਉਦਾਸ ਪਲਾਂ ਦੀ ਕਥਾ ਸੁਣਾਉਂਦਾ ਹੈ। ਤਾਰਿਆਂ ਦੀਆਂ ਬਾਤਾਂ ਪਾਉਂਦਾ ਹੈ। ਬਿਖਰ ਰਹੇ ਰਿਸ਼ਤਿਆਂ ਦੀ ਦਾਸਤਾਨ ਕਹਿੰਦਾ ਹੈ। ਕਦੇ ਚਾਹਿਆ ਸੀ ਦਾ ਦਰਦ ਫਰੋਲਦਾ ਹੈ। ਇਨ੍ਹਾਂ ਜਜ਼ਬਿਆਂ ਰਾਹੀਂ ਵੀ ਉਸਨੇ ਜ਼ਿੰਦਗੀ ਦੇ ਸਾਰਥਿਕ ਰੂਪ ਨੂੰ ਚਿਤਰਿਆ ਹੈ।

ਉਸਦਾ 'ਆਜ਼ਾਦੀ', 'ਪੌਣਾਂ', 'ਜ਼ਿੰਦਗੀ, 'ਵਕਤ', 'ਰਿਸ਼ਤੇ', 'ਯਾਦ' ਮਨ ਦੀ ਸ਼ਾਂਤੀ ਦੇ ਆਪਣੇ ਕਾਵਿ-ਸੰਕਲਪ ਹਨ। ਜਿਵੇਂ ਆਜ਼ਾਦੀ ਦਾ ਉਸਦਾ ਜੋ ਸੰਕਲਪ ਹੈ, ਉਸਦੇ ਆਪਣੇ ਅਰਥ ਹਨ।

ਆਜ਼ਾਦੀ ਲਈ
ਤੋੜਨੇ ਪੈਂਦੇ ਨੇ
ਆਪਣੇ ਦੁਆਲ਼ੇ ਸਿਰਜੇ
ਸੌੜੀਆਂ ਸੋਚਾਂ ਦੇ ਘੇਰੇ
ਕਰਨੇ ਪੈਂਦੇ ਨੇ ਮੋਕਲੇ
ਮਨਾਂ ਦੇ ਵਿਹੜੇ
ਛੱਡਣੀ ਪੈਂਦੀ ਹੈ
ਮਾਨਸਿਕ ਗੁਲਾਮੀ

ਭੁਪਿੰਦਰ ਹੁਣ ਤੱਕ ਆਪਣੇ ਪਹਿਲੇ ਕਾਵਿ-ਸੰਗ੍ਰਹਿ ਰਾਹੀਂ ਜੋ ਕੁਝ ਪੇਸ਼ ਕਰ ਸਕਿਆ ਹੈ, ਉਹ ਕੇਵਲ ਸਮੇਂ ਤੇ ਯਥਾਰਥ ਦੀ ਪਹਿਚਾਣ ਕਰ ਲੈਣ ਉਪਰੰਤ ਆਪਣੇ

ਭਾਵਾਂ ਨੂੰ ਸ਼ਬਦ ਕਲਾ ਵਿਚ ਰੰਗ ਕੇ ਪੇਸ਼ ਕੀਤਾ ਹੈ। ਉਸਦੀ ਸੋਚ ਵਿਚ ਨਾ ਮੈਲ਼ ਹੈ, ਨਾ ਮਿਲਾਵਟ ਹੈ, ਸ਼ੁੱਧ ਸੋਚ ਹੈ, ਜੋ ਉਚੇਰੇ ਲਕਸ਼ ਦੀ ਅਭਿਲਾਸ਼ਾ ਕਰਦੀ ਹੈ। ਉਹ ਕੇਵਲ ਹਵਾਈ ਕਿਲੇ ਨਹੀਂ ਉਸਾਰਦਾ। ਮੱਥੇ ਦੀ ਗੱਲ ਕਰਦਾ ਹੈ, ਜੋ ਉਸਦੀ ਬੌਧਿਕ ਦ੍ਰਿਸ਼ਟੀ ਦਾ ਇਕ ਪੱਖ ਹੈ। ਉਹ ਕ੍ਰਿਆਸ਼ੀਲ ਹੈ। ਜ਼ਿੰਦਗੀ ਦੀ ਵਾਸਤਵਿਕਤਾ ਨੂੰ ਸਮਝਣ ਦਾ ਯਤਨ ਕਰ ਰਿਹਾ ਹੈ।

'ਸੁਖਾਵੇਂ ਸਾਹਾਂ ਦੀ ਤਲਾਸ਼' ਕਰਨ ਵਾਲਾ ਕਵੀ ਭੁਪਿੰਦਰ ਆਪਣੇ ਉਦੇਸ਼ ਵਿਚ ਸਫ਼ਲ ਹੋਵੇ, ਮੇਰੀ ਕਾਮਨਾ ਹੈ।

ਆਦਰਸ਼ ਨਗਰ,
ਗਲੀ ਨੰ: 2,
ਕੋਰਟ ਰੋਡ, ਬਰਨਾਲਾ

# ਮਹਿਫ਼ਿਲੀ ਬਾਦਸ਼ਾਹ : ਬੇਦੀ

ਭੁਪਿੰਦਰ ਸਿੰਘ ਬੇਦੀ ਮੇਰੇ ਨਜ਼ਦੀਕੀ ਮਿੱਤਰਾਂ 'ਚੋਂ ਹੈ। ਜਦੋਂ ਮੈਂ ਅਜੇ ਬਰਨਾਲੇ ਨਹੀਂ ਸੀ ਆਇਆ, ਉਦੋਂ ਨਾਵਲਕਾਰ ਰਾਮ ਸਰੂਪ ਅਣਖੀ ਦੀ ਬਦੌਲਤ ਤਪੇ ਰਹਿੰਦਿਆਂ ਬਰਨਾਲਾ ਆਪਣਾ-ਆਪਣਾ ਲਗਦਾ ਸੀ, ਉਸ 'ਚ ਬੇਦੀ ਵੀ ਹੌਲ਼ੀ-ਹੌਲ਼ੀ ਸ਼ਾਮਿਲ ਹੋ ਗਿਆ ਸੀ।

ਬੇਦੀ ਮੈਨੂੰ ਪੰਜਾਬੀ ਸਾਹਿਤ ਸਭਾ ਦੀ ਇਕ ਮੀਟਿੰਗ 'ਚ ਬਰਨਾਲੇ ਮਿਲਿਆ ਸੀ। ਉਹਨੇ ਸਟੇਜ 'ਤੇ ਕੁਝ ਨਹੀਂ ਸੀ ਬੋਲਿਆ। ਸਮਾਗਮ ਦੇ ਪ੍ਰਬੰਧਾਂ 'ਚ ਉਹਦਾ ਵਿਸ਼ੇਸ਼ ਹੱਥ ਸੀ। ਉਹਦੇ ਸੇਵਾ ਭਾਵ ਲਗਭਗ ਸਾਰੀਆਂ ਸਭਾਵਾਂ ਵਾਲਿਆਂ ਨੂੰ ਰਾਸ ਆਉਂਦੇ ਰਹੇ ਹਨ ਅਤੇ ਉਸਨੇ ਆਪਣੀ ਇਸ ਵਿਸ਼ੇਸ਼ਤਾ ਨੂੰ ਹੁਣ ਤੱਕ ਵੀ ਜਾਰੀ ਰੱਖਿਆ ਹੋਇਆ ਹੈ। ਉਹ ਪੰਜਾਬੀ ਸਾਹਿਤ ਸਭਾ ਦਾ ਜਨਰਲ ਸਕੱਤਰ ਵੀ ਰਿਹਾ ਹੈ। ਅੱਜ ਕੱਲ੍ਹ ਪ੍ਰਧਾਨ ਹੈ।

ਜਦੋਂ ਕੋਈ ਬਾਪ ਆਪਣੀ ਧੀ ਦਾ ਵਿਆਹ ਕਰਦਾ ਹੈ ਤਾਂ ਉਸ ਲਈ ਹੋਰਾਂ ਸਮੱਸਿਆਵਾਂ ਦੇ ਨਾਲ਼-ਨਾਲ਼ ਵੱਡੀ ਸਮੱਸਿਆ ਇਹ ਵੀ ਹੁੰਦੀ ਹੈ ਕਿ ਉਹ ਸੈਂਕੜਿਆਂ ਦੀ ਗਿਣਤੀ ਵਿਚ ਆਏ ਮਹਿਮਾਨਾਂ ਦਾ ਪ੍ਰਬੰਧ ਕਿਵੇਂ ਕਰੇਗਾ ? ਉਨ੍ਹਾਂ ਲਈ ਸੌਣ-ਪੈਣ ਲਈ ਬਿਸਤਰੇ ਕਿੱਥੋਂ ਲਿਆਵੇਗਾ ? ਅਤੇ ਹੋਰ ਅਨੇਕਾਂ ਫ਼ਿਕਰ, ਜਿਹੜੇ ਬਾਪ ਦੀ ਨੀਂਦ ਨੂੰ ਤੋੜਦੇ ਰਹਿੰਦੇ ਹਨ ਪਰ ਬੇਦੀ ਲਈ ਇਹ ਕੋਈ ਫ਼ਿਕਰ ਹੀ ਨਹੀਂ ਹੈ। ਉਸਨੇ ਆਪਣੇ ਰਿਸ਼ਤੇਦਾਰਾਂ, ਆਪਣੇ ਵਿਭਾਗ ਐਫ.ਸੀ.ਆਈ. 'ਚ ਕੰਮ ਕਰਦੇ ਮੁਲਾਜ਼ਮਾਂ ਅਤੇ ਹੋਰ ਸਾਹਿਤਕ ਮਿੱਤਰਾਂ ਦੇ ਪੁੱਤਾਂ-ਧੀਆਂ ਦੇ ਵਿਆਹਾਂ ਵੇਲ਼ੇ ਸਾਰੇ ਪ੍ਰਬੰਧ ਇਸ ਤਰ੍ਹਾਂ ਆਸਾਨੀ ਨਾਲ ਕੀਤੇ ਹਨ, ਜਿਵੇਂ ਕੋਈ ਸ਼ਾਇਰ ਕਹੇ, 'ਲਓ ਕਵਿਤਾ ਦਾ ਕੀ ਐ। ਬਹਿਰ-ਵਜ਼ਨ ਮੈਨੂੰ ਆਉਂਦੈ। ਜਦੋਂ ਮਰਜ਼ੀ ਲਿਖਵਾ ਲਓ। ਬੱਸ ਵਿਸ਼ਾ ਦੱਸੋ।'

ਬੇਦੀ ਸਟੇਜ ਦਾ ਧਨੀ ਹੈ। ਉਹ ਸਮਾਜਿਕ ਰਵਾਇਤਾਂ ਨਿਭਾਉਣ ਵਾਲੇ ਪ੍ਰਬੰਧਾਂ ਨੂੰ ਵੀ ਪ੍ਰਬੀਨਤਾ ਨਾਲ਼ ਨਿਭਾਉਣ ਜਾਣਦਾ ਹੈ। ਇਕ ਦਿਨ ਮੈਨੂੰ ਰਾਮ ਸਰੂਪ ਅਣਖੀ ਦਾ ਫੋਨ ਆਇਆ, 'ਬੂਟੇ ! ਦਫ਼ਤਰ ਬੈਠੈਂ ?'

'ਹਾਂ।' ਮੈਂ ਕਿਹਾ।

'ਮੈਂ ਘੰਟੇ ਕੁ ਨੂੰ ਆਉਨਾਂ। ਆਪਾਂ ਗੱਲ ਕਰਨੀ ਐ ਕੋਈ।'

'ਮੈਂ ਕਿਸੇ ਅਧਿਆਪਕ ਦੀ ਸੇਵਾ ਮੁਕਤੀ 'ਤੇ ਜਾਣੈ। ਦੋ ਘੰਟਿਆਂ ਨੂੰ ਆਇਓ।'

ਪਰ ਅੱਗੋਂ ਅਣਖੀ ਬੋਲਿਆ, 'ਐਂ ਕਰੀਂ। ਓਥੇ ਬੇਦੀ ਹੋਊ। ਉਹਨੂੰ ਮੇਰਾ ਸੁਨੇਹਾ ਦੇਈਂ। ਆਥਣ-ਤੜਕੇ ਮਿਲੇ ਮੈਨੂੰ।'

ਮੈਂ ਕਿਹਾ, 'ਥੋਨੂੰ ਕੀ ਪਤੈ ਬੇਦੀ ਓਥੇ ਹੋਊ ?'

'ਮੈਨੂੰ ਪਤੈ ! ਕਿਸੇ ਅਧਿਆਪਕ ਦੀ ਸੇਵਾ ਮੁਕਤੀ ਹੋਵੇ। ਓਥੇ ਬੇਦੀ ਤੋਂ ਬਿਨਾਂ ਸਟੇਜ ਸੈਕਟਰੀ ਕੋਈ ਹੋ ਈ ਨੀ ਸਕਦਾ।'

ਮੈਂ ਗਿਆ। ਹਾਲ ਵਿਚ ਬੇਦੀ ਸੇਵਾ ਮੁਕਤ ਹੋਣ ਵਾਲੇ ਅਧਿਆਪਕ ਦੇ ਜੀਵਨ ਬਾਰੇ ਦੱਸ ਰਿਹਾ ਸੀ।

ਬੇਦੀ ਤੜਕੇ ਉਠਦਾ ਹੈ। ਸੈਰ ਨੂੰ ਜਾਂਦਾ ਹੈ ਪਰ ਕਦੇ-ਕਦੇ ਸਿਆਲ਼ ਦੀ ਧੁੱਪ ਉਨ੍ਹਾਂ ਦੀ ਦੋ-ਮੰਜ਼ਿਲੀ ਕੋਠੀ ਤੋਂ ਹੇਠਾਂ ਖਿਸਕਣ ਲੱਗ ਜਾਂਦੀ ਹੈ। ਉਹ ਫੇਰ ਵੀ ਗੂੜ੍ਹੀ ਨੀਂਦ 'ਚ ਪਿਆ ਹੁੰਦਾ ਹੈ। ਇਕ ਦਿਨ ਉਹ ਨਾ ਉਠਿਆ ਤਾਂ ਉਹਦੀ ਪਤਨੀ ਜਸਵੀਰ ਕੜਕੀ, 'ਹੁਣ ਉਠ ਵੀ ਖੜ੍ਹੋ! ਘੰਟਾ ਰਹਿ ਗਿਆ ਸਾਰਾ ਦਫ਼ਤਰ ਜਾਣ 'ਚ।'

ਬੇਦੀ ਅੱਬੜਵਾਹੇ ਉਠਿਆ। ਮੂੰਹ 'ਤੇ ਹੱਥ ਫੇਰ ਕੇ ਕਹਿੰਦਾ, 'ਸੁਪਨਾ ਈ ਤੋੜ ਕੇ ਧਰ 'ਤਾ ਮੇਰੇ ਪੁੱਤ ਦੀ ਮਾਂ ਨੇ।'

'ਅਹੇ ਜਾ ਕੀ ਕਰਦੇ ਸੀ ਸੁਪਨੇ 'ਚ?'

'ਕਰਨਾ ਕੀ ਐ। ਕਲਾਸ-ਰੂਮ 'ਚ ਮੁੰਡੇ-ਕੁੜੀਆਂ ਨੂੰ ਪੜ੍ਹਾਉਂਦਾ ਸੀ। ਹੋਰ ਕੀ ਕਰਨਾ ਸੀ।'

'ਹੁਣ ਅਗਲੇ ਜਨਮ 'ਚ ਈ ਪੜ੍ਹਾਇਓ ਮੁੰਡਿਆਂ-ਕੁੜੀਆਂ ਨੂੰ।'

ਬੇਦੀ ਨੇ ਪ੍ਰੋਫ਼ੈਸਰ ਲੱਗਣ ਲਈ ਏਨੇ ਪਾਪੜ ਵੇਲੇ ਹਨ ਕਿ ਸ਼ਾਇਦ ਹੀ ਬਰਨਾਲੇ ਜਾਂ ਸੰਗਰੂਰ ਜ਼ਿਲ੍ਹੇ 'ਚ ਕਿਸੇ ਨੇ ਵੇਲੇ ਹੋਣ।

ਉਹਨੇ ਗੰਗਾਨਗਰ ਤੋਂ ਵਕਾਲਤ ਕੀਤੀ। ਉਨ੍ਹਾਂ ਦਿਨਾਂ 'ਚ ਹੀ ਐਫ.ਸੀ.ਆਈ. ਵਿਚ ਅਸਾਮੀਆਂ ਨਿਕਲੀਆਂ। ਉਹਨੇ ਬੀ.ਏ. ਦੇ ਆਧਾਰ 'ਤੇ ਅਰਜੀ ਭੇਜ ਦਿੱਤੀ। ਉਹ ਰੱਖਿਆ ਗਿਆ ਪਰ ਜਦੋਂ ਯਾਰਾਂ ਦੀ ਮਹਿਫ਼ਿਲ ਜੁੜਦੀ। ਮਿੱਤਰ-ਯਾਰ ਵਧੀਆ ਮਹਿਕਮਾ ਮਿਲਣ 'ਤੇ ਵਧਾਈ ਦਿੰਦੇ। ਅਣਖੀ ਕਹਿੰਦਾ, 'ਅਸੀਂ ਤਾਂ ਮਾਸਟਰੀ 'ਚ ਫਸ ਗੇ। ਤੂੰ ਵਧੀਆ ਮਹਿਕਮੇ 'ਚ ਐਂ।'

ਉਹ ਕਹਿੰਦਾ, 'ਅਣਖੀ ਸਾਹਬ! ਐਮ.ਏ. ਕਰ ਰਿਹਾਂ ਮੈਂ। ਪਤਾ ਨੀ ਕਦੋਂ ਇਸ ਮਹਿਕਮੇ ਤੋਂ ਖਹਿੜਾ ਛੁੱਟੂ।'

'ਕਿਉਂ ਮਹਿਕਮੇ ਨੂੰ ਕੀ ਹੋਇਐ?'

'ਹੋਣਾ ਕੀ ਸੀ। ਸਾਰਾ ਦਿਨ ਬੋਰੀਆਂ ਗਿਣਦੇ ਰਹੋ ਸਟੇਸ਼ਨ 'ਤੇ। ਕੰਮ ਐ ਕੋਈ? ਹਰ ਵੇਲੇ ਬੋਰੀਆਂ ਘਟਣ ਦਾ ਫ਼ਿਕਰ। ਜਾਨ ਸੂਲ਼ੀ 'ਤੇ ਟੰਗੀ ਰਹਿੰਦੀ ਐ, ਜਦੋਂ ਤੱਕ ਗੱਡੀ ਨੀ ਤੁਰਦੀ।'

ਬੇਦੀ ਨੇ ਐਮ.ਏ. ਕੀਤੀ। ਐਮ. ਫਿਲ ਵੀ ਕੀਤੀ। ਯੂ.ਜੀ.ਸੀ. ਟੈਸਟ ਪਾਸ ਕੀਤਾ ਅਤੇ ਪੀ.ਐਚ.ਡੀ. ਵੀ ਕੀਤੀ। ਉਹਦਾ ਗੁਰੂ ਡਾ: ਸਤਨਾਮ ਸਿੰਘ ਜੱਸਲ ਉਹਦੀ ਹਰ ਤਰ੍ਹਾਂ ਅਗਵਾਈ ਕਰਦਾ ਰਿਹਾ ਪਰ ਪ੍ਰੋਫ਼ੈਸਰੀ ਜਿਵੇਂ ਉਹਦੇ ਲਈ ਅੰਬਰੀ ਆਂਡਾ ਸੀ। ਨਾ ਉਹ ਹੱਥ ਲੰਮਾ ਕਰਕੇ ਆਂਡਾ ਲਾਹੁਣ ਜਾਣਦਾ ਸੀ ਅਤੇ ਨਾ ਹੀ ਕਿਸੇ ਨੇ ਆਂਡਾ ਲਾਹੁਣ 'ਚ ਉਹਦੀ ਮੱਦਦ ਕੀਤੀ। ਇਕ ਵਾਰੀ ਉਹਨੂੰ ਯਕੀਨ ਸੀ, ਐਸ.ਡੀ. ਕਾਲਜ ਬਰਨਾਲਾ 'ਚ ਉਹ ਰੱਖਿਆ ਜਾਵੇਗਾ ਪਰ ਸ਼ਾਇਦ ਅਜੇ ਗੋਦਾਮਾਂ ਅਤੇ ਰੇਲਵੇ ਸਟੇਸ਼ਨ ਦੀ ਪਲੇਠੀ 'ਤੇ ਬੋਰੀਆਂ ਗਿਣਨੀਆਂ ਬਾਕੀ ਰਹਿੰਦੀਆਂ ਸਨ।

ਬੇਦੀ ਸਿਰੇ ਜਾਣ ਵਾਲਾ ਨਹੀਂ ਅਤੇ ਨਾ ਹੀ ਸਿਰ 'ਤੇ ਆਈ ਆਫ਼ਤ ਨੂੰ ਹਿੱਕ

ਡਾਹ ਕੇ ਝਲਦਾ ਹੈ। ਉਹਦੀ ਸੋਚ ਅਗਾਂਹਵਧੂ ਹੈ। ਕਾਲਜ ਟਾਈਮ 'ਚ ਸਟੂਡੈਂਟ ਯੂਨੀਅਨ 'ਚ ਕੰਮ ਕਰਦਿਆਂ ਉਹਦੇ 'ਤੇ ਤਸ਼ੱਦਦ ਵੀ ਹੋਇਆ ਪਰ ਉਹ 'ਪੱਕਿਆ' ਨਹੀਂ। ਇਕ ਵਾਰ ਉਹਦੀ ਬਦਲੀ ਬਰਨਾਲਾ ਤੋਂ ਮਹਿਲ ਕਲਾਂ ਦੀ ਕਰ ਦਿੱਤੀ। ਇਕ ਦਿਨ ਮੈਂ ਤੜਕੇ ਅਚਾਨਕ ਉਹਨੂੰ ਫੋਨ ਕੀਤਾ। ਅੱਗੋਂ ਇਉਂ ਬੋਲਿਆ, ਜਿਵੇਂ ਉਹ ਖ਼ੂਹ 'ਚੋਂ ਬੋਲਦਾ ਹੋਵੇ। ਮੈਂ ਕਾਰਨ ਪੁੱਛਿਆ। ਉਹ ਕਹਿੰਦਾ, 'ਮਹਿਲ ਕਲਾਂ ਡਿਪੂ ਠੀਕ ਨਹੀਂ। ਮੈਂ ਮਾਂਜਿਆ ਜਾਊਂ ਓਥੇ।'

ਮੈਂ ਕੋਈ ਤਕਰੀਬ ਕੱਢੀ। ਉਹਦੀ ਬਦਲੀ ਬਰਨਾਲੇ ਦੀ ਹੋ ਗਈ। ਉਹਨੇ ਅਗਲੇ ਦਿਨ ਖ਼ੁਸ਼ੀ 'ਚ ਯਾਰ-ਦੋਸਤ ਇਕੱਠੇ ਕੀਤੇ। ਉਹ ਪੂਰੇ ਜਲੌਅ 'ਚ ਸੀ। ਆਪਣੇ ਘਰ ਦੀ ਛੱਤ 'ਤੇ ਉਹਨੇ ਗਿਲਾਸਾਂ 'ਚ ਪੈੱਗ ਪਾਏ ਅਤੇ ਮਸਤੀ 'ਚ ਕਹਿੰਦਾ, 'ਬੋਲ ਛਣਕੀ ਮਹਾਰਾਜ ਕੀ, ਜੈ। ਮੱਥਾ ਟੇਕ ਪਤਾਸਾ ਲੈ। ਆਹ ਆਹ ਆਹ, ਡੀ ਟੋਟਾ, ਠਾਹ ਟੋਟਣੀ।'

'ਟੋਟਣੀ' ਸ਼ਬਦ ਕਹਿੰਦਿਆਂ ਉਹਨੇ ਸਵਤੰਤਰ ਦਾਨੀਆ ਦੇ ਗੰਜੇ ਸਿਰ 'ਤੇ ਉਂਗਲਾਂ ਦਾ ਚੱਪਾ ਮਾਰਿਆ ਅਤੇ ਸਾਰਿਆਂ ਨੇ ਆਪਣੇ-ਆਪਣੇ ਪੈੱਗ ਚੁੱਕ ਲਏ।

ਬੇਦੀ ਦਾ ਮਹਿਫ਼ਿਲ ਸ਼ੁਰੂ ਕਰਨ 'ਚ ਇਹ ਉਹਦਾ ਆਪਣਾ ਜੋੜਿਆ ਹੋਇਆ ਮੌਲਿਕ ਨਾਅਰਾ ਹੈ।

ਇਕ ਮਹਿਫ਼ਿਲ 'ਚ ਅਣਖੀ ਕਹਿੰਦਾ, 'ਬੇਦੀ! ਨਾਅਰਾ ਤਾਂ ਤੇਰਾ ਬਹੁਤ ਵਧੀਐ ਪਰ ਇਹ ਛਣਕੀ ਕੀ ਹੋਇਆ? ਇਹਦੀ ਥਾਂ 'ਤੇ ਅਣਖੀ ਕਰ ਦੇ। ਵਜ਼ਨ ਬਰਾਬਰ ਐ।'

ਬੇਦੀ ਨੇ ਉਸੇ ਵੇਲ਼ੇ ਅਣਖੀ ਸ਼ਬਦ ਦੀ ਵਰਤੋਂ ਕਰਕੇ ਦੁਬਾਰਾ ਆਪਣਾ ਨਾਅਰਾ ਬੋਲਿਆ ਅਤੇ ਇਹ ਨਾਅਰਾ ਅਣਖੀ ਦੇ ਜਿਉਂਦੇ-ਜੀਅ ਇਸੇ ਤਰ੍ਹਾਂ ਚਲਦਾ ਰਿਹਾ ਹੈ।

ਬੇਦੀ ਹਸਮੁੱਖ ਬਹੁਤ ਹੈ। ਕਈ ਵਾਰ ਵੱਡੇ ਤੋਂ ਵੱਡੇ ਦੁੱਖ ਵੀ ਉਹ ਹਾਸੀ 'ਚ ਤਲ਼ੀ ਤੋਂ ਮਿੱਟੀ 'ਤੇ ਫੂਕ ਮਾਰਨ ਵਾਂਗ ਉਡਾ ਦਿੰਦਾ ਹੈ ਪਰ ਗੱਲ ਦੀ ਸਮਝ ਵੀ ਬਹੁਤ ਹੈ। ਉਹਨੂੰ ਪਤਾ ਹੈ ਕਿ ਉਹਨੂੰ ਕੌਣ ਕੀ ਸਮਝਦਾ ਹੈ ਪਰ ਉਹ ਆਪਣੀ ਹਉਮੈ ਨੂੰ ਸੱਪ ਦਾ ਡੰਗ ਨਹੀਂ ਬਣਾਉਂਦਾ, ਸਗੋਂ ਕੱਛੂ ਵਾਂਗ ਦਾਤਰੀ ਵੀ ਜਿਸਮਾਨੀ ਖੋਲ਼ 'ਚ ਲੁਕੋ ਕੇ ਰਖਦਾ ਹੈ। ਜਦੋਂ ਕਦੇ ਸਮਾਂ ਆਉਂਦਾ ਹੈ, ਉਸ ਵੇਲ਼ੇ ਸਾਰਾ ਅਹਿਸਾਸ ਕਰਵਾ ਦਿੰਦਾ ਹੈ ਪਰ ਮਨ 'ਚੋਂ ਉਠਦੀ ਗੁੱਸੇ ਦੀ ਅੱਗ ਫਿਰ ਵੀ ਏਨੀ ਸੰਜਮੀ ਹੁੰਦੀ ਹੈ ਕਿ ਉਹਦੀ ਲਾਟ ਤਾਂ ਕੀ, ਕੋਈ ਬਲ਼ਦਾ ਅੰਗਿਆਰਾ ਵੀ ਨਜ਼ਰ ਨਹੀਂ ਆਉਂਦਾ।

ਬੇਦੀ ਆਪਣੀ ਅੱਗ ਮਚਾ ਕੇ ਸੇਕਣ ਜਾਣਦਾ ਹੈ। ਉਹ ਖਾਨਦਾਨੀ ਘਰਾਣੇ 'ਚੋਂ ਹੈ। ਉਹਦੇ ਜਮਾਤੀ ਜਿੱਥੇ ਬਚਪਨ 'ਚ ਚੁਆਨੀ-ਚੁਆਨੀ ਨੂੰ ਤਰਸਦੇ ਰਹੇ ਹਨ, ਉਹਦੀ ਜੇਬ ਕਦੇ ਨੋਟਾਂ ਤੋਂ ਖਾਲੀ ਨਹੀਂ ਸੀ ਹੁੰਦੀ। ਉਹ ਤਿੰਨ ਭੈਣਾਂ ਦਾ 'ਕੱਲਾ ਭਾਈ ਸੀ। ਹੱਥ ਖਰਚ ਦੀ ਕਮੀ ਨਾ ਹੋਣ ਕਰਕੇ ਉਹਦਾ ਸੁਭਾਅ ਨਿਰਲੇਪ ਰਿਹਾ ਹੈ। ਆਪਣੇ ਜੀਵਨ 'ਚ ਉਹਨੂੰ ਕਿਸੇ ਦੀ ਮਜ਼ਬੂਰੀ ਦਾ ਫ਼ਾਇਦਾ ਉਠਾਉਣ ਦੀ ਲੋੜ ਹੀ ਨਹੀਂ ਪਈ।

ਬੇਦੀ ਦੇ ਜੀਵਨ ਦਾ ਮੂਲ ਸੂਈ-ਧਾਗਾ ਹੈ। ਆਪਣੇ ਪਿਤਾ ਜਸਵੰਤ ਸਿੰਘ ਬੇਦੀ ਨਾਲ ਅੱਠਵੀਂ 'ਚ ਹੀ ਉਹ ਨਿਗ੍ਹਾ-ਖਿੱਚ ਪੈਂਟ ਬਣਾਉਣ ਲੱਗ ਪਿਆ ਸੀ। ਉਹਦਾ ਪਿਤਾ ਨਹੀਂ ਸੀ ਚਾਹੁੰਦਾ ਕਿ ਉਹ ਇਸ ਕੰਮ 'ਚ ਪਵੇ ਪਰ ਬੇਦੀ ਉਨ੍ਹਾਂ ਦੇ ਘੂਰੇ ਤੋਂ ਦੁਕਾਨ 'ਤੇ

ਜਾਣੋ ਹਟ ਤਾਂ ਗਿਆ ਅਤੇ ਸੂਈ-ਧਾਗੇ ਨਾਲੋਂ ਆਪਣਾ ਰਿਸ਼ਤਾ ਵੀ ਛੱਡ ਦਿੱਤਾ ਪਰ ਸ਼ਾਇਦ ਸੂਈ-ਧਾਗੇ ਦੀ ਆਤਮਾ ਉਹਦੇ ਅੰਦਰ ਸੰਜੀਵ ਹੋ ਗਈ ਸੀ। ਉਸਦੀ ਵਰਤੋਂ ਉਹ ਹੁਣ ਵੀ ਕਰਦਾ ਹੈ।

ਜੇ ਦੋ ਦੋਸਤ ਟੁੱਟੇ ਹੋਣ, ਉਹ ਕਈ-ਕਈ ਦਿਨ ਦੋਵਾਂ ਦੀਆਂ ਗੱਲਾਂ ਸੁਣਦਾ ਰਹੇਗਾ। ਜਦੋਂ ਉਹਨੂੰ ਅਹਿਸਾਸ ਹੋ ਜਾਵੇਗਾ, ਦੋਵੇਂ ਦੋਸਤਾਂ ਦੇ ਗੁੱਸੇ ਉਹਦੀ ਹਥੇਲੀ ’ਤੇ ਆ ਡਿੱਗੇ ਹਨ। ਉਹ ਆਪਣੇ ਸੰਕੇਤਕ ਸੂਈ-ਧਾਗੇ ਨੂੰ ਕਢਦਾ ਹੈ ਅਤੇ ਫੇਰ ਕੋਈ ਢੁਕਵਾਂ ਮੌਕਾ ਪੈਦਾ ਕਰਕੇ, ‘ਬੋਲ ਅਣਖੀ ਮਹਾਰਾਜ ਦੀ, ਜੈ’ ਦਾ ਪ੍ਰਬੰਧ ਕਰਦਾ ਹੈ ਅਤੇ ਦੂਜੇ-ਤੀਜੇ ਪੈੱਗ ’ਤੇ ਉਨ੍ਹਾਂ ਵਿਚਲੇ ਫ਼ਾਸਲੇ ਨੂੰ ਮਦਾਰੀ ਦੇ ਹੱਥ ’ਤੇ ਟਿਕੇ ਸਿੱਕੇ ਵਾਂਗ ਖ਼ਤਮ ਕਰ ਦਿੰਦਾ ਹੈ। ਮੈਂ ਬਹੁਤ ਵਾਰ ਉਸਦੀ ਇਸ ਕਰਾਮਾਤ ਅੱਗੇ ਝੁਕਿਆ ਹਾਂ। ਸੋਚੀਦਾ ਹੈ ਇਹ ਸੱਤ-ਯੁਗੀ ਬੰਦਾ ਅੱਜ ਦੇ ਕਾਟੋ-ਕਲੇਸ਼ ’ਚ ਕਿੱਥੇ ਆ ਫਸਿਐ ਤੇ ਫੇਰ ਜਦੋਂ ਉਹਦੀਆਂ ਅਧੂਰੀਆਂ ਲਾਲਸਾਵਾਂ ਜ਼ਿਹਨ ’ਚ ਆਉਂਦੀਆਂ ਹਨ ਤਾਂ ਅੰਦਰੋਂ ਆਵਾਜ਼ ਆ ਕੇ ਬੁੱਲ੍ਹਾਂ ਨਾਲ਼ ਟਕਰਾ ਕੇ ਮੁੜ ਜਾਂਦੀ ਹੈ। ਇਕੋ ਫ਼ਿਕਰਾ ਮਨ ’ਚ ਘੁੰਮਦਾ ਹੈ, ‘ਵਿਚਾਰਾ ਬੇਦੀ’।

ਜੇਕਰ ਉਹ ਜੋੜਨ ਜਾਣਦਾ ਹੈ। ਉਹਨੂੰ ਅੰਦਰ ਝਾਤੀ ਮਾਰਨੀ ਵੀ ਆਉਂਦੀ ਹੈ। ਗਲਤੀ ਹੋ ਜੇ ਤਾਂ ਉਹਨੂੰ ਗਲ਼ ’ਚ ਪੱਲਾ ਪਾਉਣਾ ਵੀ ਆਉਂਦਾ ਹੈ। ਜੇ ਕੋਈ ਯਾਰ-ਦੋਸਤ ਉਹਦੀ ਸ਼ਰਾਫ਼ਤ ’ਤੇ ਕਾਠੀ ਪਾਉਣੀ ਚਾਹੇ, ਉਹ ਮੁਢਲੇ ਪੜਾਅ ’ਤੇ ਨਹੀਂ ਬੋਲਦਾ। ਚੁੱਪ ਵਟਦਾ ਹੈ ਪਰ ਜਦੋਂ ਅਗਲਾ ਅੱਗੇ ਵਧਦਾ ਆਉਂਦਾ ਹੈ, ਉਹ ਨੀਵੀਆਂ ਅੱਖਾਂ ਉੱਚੀਆਂ ਕਰਨ ਵੀ ਜਾਣਦਾ ਹੈ ਪਰ ਉਹਦੀ ਜ਼ਿੰਦਗੀ ’ਚ ਅਜਿਹੇ ਮੌਕੇ ਆਟੇ ’ਚ ਲੂਣ ਬਰਾਬਰ ਆਏ ਨੇ।

ਬੇਦੀ ਕਹਾਣੀਆਂ ਵੀ ਲਿਖਦਾ ਹੈ, ਕਵਿਤਾਵਾਂ ਵੀ। ਆਲੋਚਨਾ ਵੀ ਕਰਦਾ ਹੈ। ਪੁਸਤਕ ਦਾ ਰੀਵਿਊ ਕਰਨਾ ਉਹਦੇ ਖੱਬੇ ਹੱਥ ਦੀ ਖੇਡ ਹੈ। ਕੰਮ ਕਰਨ ਲੱਗ ਪਵੇ ਤਾਂ ਉਤਲੀ ਥੱਲੇ ਲਿਆ ਦਿੰਦਾ ਹੈ। ਦੇਰ ਰਾਤ ਜਾਗਦਾ ਹੈ। ਤੜਕੇ ਸੰਦੇਹਾਂ ਉਠਦਾ ਹੈ ਪਰ ਜੇਕਰ ’ਕੇਰਾਂ ਗੱਡੀ ਲੀਹ ਤੋਂ ਲਹਿ ਜਾਵੇ, ਅਧੂਰੀਆਂ ਕਵਿਤਾਵਾਂ ਉਹਨੂੰ ਉਡੀਕਦੀਆਂ-ਉਡੀਕਦੀਆਂ ਕਾਗਜ਼ ਦੇ ਖ਼ਸਤੇਪਣ ਦੀ ਬਲੀ ਚੜ੍ਹਦੀਆਂ ਰਹਿੰਦੀਆਂ। ਹਨ।

ਇਕ ਦਿਨ ਮੈਂ ਕਿਹਾ, ‘ਬੇਦੀ! ਜੇ ਤੂੰ ਆਵਦੇ ਗਲ਼ ਹੋਰਾਂ ਦੇ ਮਰੇ ਸੱਪ ਨਾ ਪਵਾਇਆ ਕਰੇਂ, ਤੂੰ ਬਹੁਤ ਵਧੀਆ ਆਲੋਚਕ ਬਣ ਸਕਦੈਂ।’

ਉਹ ਮੇਰੀ ਗੱਲ ਸੁਣ ਕੇ ਚੁੱਪ ਹੋ ਗਿਆ। ਇਕ ਹਉਕਾ ਜਿਵੇਂ ਲੈਣ ਤੋਂ ਪਹਿਲਾਂ ਹੀ ਦਮ ਤੋੜ ਗਿਆ ਹੋਵੇ। ਕਹਿਣ ਲੱਗਿਆ, ‘ਇਹ ਤਾਂ ਥੋੜੀ ਗੱਲ ਠੀਕ ਐ ਪਰ ਮੈਥੋਂ ਕੋਈ ਮਿੰਨਤਾਂ ਜੀਆਂ ਕਰਦਾ ਬੰਦਾ ਵੇਖਿਆ ਈ ਨੀ ਜਾਂਦਾ। ਸੋਚੀਦੈ ਚਲ ਆਪਣਾ ਕੀ ਸੀ। ਜਿਹੜੇ ਠੂਠੇ ਖਾਣਾ ਸੀ ਖਾ ਲਿਆ। ਏਹ ਕੀ ਯਾਦ ਕਰੂ ਕੋਈ ਬੰਦਾ ਮਿਲਿਆ ਸੀ।’

‘ਯਾਦ ਕਿਸੇ ਨੇ ਕੀ ਕਰਨਾ ਹੁੰਦੈਂ। ਦੁਨੀਆਂ ਖੜ੍ਹੀ ਦੀ ਯਾਰ ਐ।’

‘ਪਰ ਮੈਂ ਐਂ ਨੀ ਨਾ ਕਰ ਸਕਦਾ। ਅਗਲੇ ਆਵਦਾ ਕੰਮ ਕਰੀ ਜਾਂਦੇ ਐ। ਆਪਾਂ ਆਵਦਾ ਕਰੀ ਜਾਨੇ ਆਂ। ਕਦੇ ਤਾਂ ਮਾੜੇ-ਚੰਗੇ ਨੂੰ ਝਾਰਨਾ ਲਗਦਾ ਈ ਐ।’

ਬੇਦੀ ਦੀ ਸੁਹਿਰਦਤਾ ਹੈ ਕਿ ਉਹ ਜਿਸ ਅਧਿਆਪਕ ਤੋਂ ਪੜ੍ਹਿਆ ਹੈ ਜਾਂ ਪ੍ਰੋਫੈਸਰ ਤੋਂ, ਉਹਦਾ ਰਾਬਤਾ ਹੁਣ ਤੱਕ ਵੀ ਉਨ੍ਹਾਂ ਨਾਲ਼ ਬਣਿਆ ਹੋਇਆ ਹੈ। ਉਨ੍ਹਾਂ ਦੇ ਦੁੱਖ-ਸੁੱਖ ਵਿਚ ਸ਼ਾਮਿਲ ਹੁੰਦਾ ਹੈ। ਉਨ੍ਹਾਂ ਦਾ ਦੁੱਖ ਆਪਣੇ ਪਿੰਡੇ 'ਤੇ ਹੰਢਾਉਂਦਾ ਹੈ। ਇਹ ਵੱਖਰੀ ਗੱਲ ਹੈ ਕਿ ਉਹ ਜਿਸ ਤਰ੍ਹਾਂ ਦਾ ਹੈ, ਉਹਦੀ ਜ਼ਿੰਦਗੀ ਵਿਚ ਉਹਦੇ ਵਰਗਾ ਕੋਈ ਨਹੀਂ ਆਇਆ। ਉਹਦੇ ਜੀਵਨ 'ਚ ਲੋਕ ਆਉਂਦੇ-ਜਾਂਦੇ ਰਹਿੰਦੇ ਹਨ। ਬਹੁਤ ਸਾਰੇ ਉਹਦੇ ਦੋਸਤ ਉਹਨੂੰ ਆਪਣੇ 'ਵਿਵਹਾਰ' ਨਾਲ਼ ਸੁਭਾਅ ਬਦਲਣ ਦੀ 'ਪ੍ਰੇਰਨਾ' ਵੀ ਦੇ ਜਾਂਦੇ ਹਨ ਪਰ ਉਹ ਜ਼ਖ਼ਮੀ ਹੋਇਆ ਆਪਣੇ ਆਪ 'ਚ ਤਬਦੀਲੀ ਲਿਆਉਣ ਬਾਰੇ ਸੋਚਣ ਲਗਦਾ ਹੈ ਪਰ ਫਿਰ ਜਿਵੇਂ ਉਹਦੇ ਸੁਭਾਅ ਦੀ ਮੌਲਿਕਤਾ ਖੁਸਦੀ ਹੋਵੇ। ਦੋ-ਚਾਰ ਦਿਨਾਂ ਬਾਅਦ ਸਭ ਕੁਝ ਭੁੱਲ-ਭੁਲਾ ਜਾਂਦਾ ਹੈ ਅਤੇ ਜੇ ਕੋਈ ਉਹਦੀ ਖ਼ੁਸ਼ੀ 'ਚੋਂ ਤਿੜਕਿਆ ਦੋਸਤ ਮਿਲ ਜਾਵੇ ਤਾਂ ਉਹ ਬੁਲਾਉਣ ਦੀ ਆਪ ਪਹਿਲ ਕਰੇਗਾ।

ਉਸਨੂੰ ਗੁਰਬਾਣੀ ਦੀ ਸਮਝ ਵੀ ਹੈ। ਉਸਨੇ ਸੂਫ਼ੀ ਕਵੀਆਂ ਨੂੰ ਵੀ ਪੜ੍ਹਿਆ ਹੈ। ਹੀਰ ਵਾਰਿਸ ਸ਼ਾਹ ਅਤੇ ਹੋਰ ਬੜਾ ਕੁਝ। ਕਦੇ-ਕਦੇ ਲਗਦਾ ਹੈ ਉਹਦਾ ਸੁਭਾਅ ਜਿਵੇਂ ਸੂਫ਼ੀਆਂ ਦੀ ਕਾਵਿ-ਮਈ ਚੇਤਨਾ 'ਚ ਕੁਠਾਲ਼ੀ ਵਾਂਗ ਢਲ਼ ਕੇ ਬਣਿਆ ਹੋਵੇ।

ਬੇਦੀ ਦੀ ਜਿੱਥੇ ਪ੍ਰਾਪਤੀ ਉਸਦੇ ਦਿਆਨਤਦਾਰ ਹੋਣ ਵਿਚ ਹੈ, ਉਥੇ ਉਹਦਾ ਸੁਭਾਅ ਮੌਲਿਕ ਹੈ। ਉਹ ਕਿਸੇ ਵਰਗਾ ਨਹੀਂ। ਨਾ ਹੀ ਕਿਸੇ ਹੋਰ ਨੇ ਉਹਦੇ ਵਰਗਾ ਬਣਨ ਦਾ ਯਤਨ ਕੀਤਾ ਹੈ। ਉਹਦੇ ਮਨ 'ਚ ਨਿਆਸਰਿਆਂ ਪ੍ਰਤੀ ਉਦਾਰਤਾ ਹੈ। ਕਿਰਤ ਦੀ ਲੁੱਟ ਕਰਨ ਵਾਲੇ ਲੋਕ ਉਸਨੇ ਮਨੁੱਖਾਂ ਨਾਲੋਂ ਨਿਖੇੜੇ ਹੋਏ ਹਨ। ਇਹੋ ਕਾਰਨ ਹੈ ਕਿ ਉਹਦੀ ਕਵਿਤਾ ਦਾ ਨਾ-ਮਾਤਰ ਹਿੱਸਾ ਨਿੱਜਵਾਦੀ ਹੈ।

ਨਵੇਂ ਲੇਖਕਾਂ ਪ੍ਰਤੀ ਉਹਦੇ ਮਨ 'ਚ ਬਹੁਤ ਕਦਰ ਹੈ। ਉਹ ਨਵੇਂ ਤੋਂ ਨਵੇਂ ਲੇਖਕਾਂ ਨੂੰ ਲਭਦਾ ਹੈ। ਵਾਰ-ਵਾਰ ਫੋਨ ਕਰਕੇ ਸਮਾਗਮਾਂ ਵਿਚ ਬੁਲਾਉਂਦਾ ਹੈ। ਉਨ੍ਹਾਂ ਨੂੰ ਮੰਚ 'ਤੇ ਸਮਾਂ ਦਿੰਦਾ ਹੈ। ਉਨ੍ਹਾਂ ਵਿਚਲੀ ਸਾਹਿਤਕਤਾ ਨੂੰ ਪਕਾਉਣ ਲਈ ਹਮੇਸ਼ਾ ਰਾਬਤਾ ਰਖਦਾ ਹੈ। ਇਹੋ ਕਾਰਨ ਹੈ ਕਿ ਉਸ ਵੱਲੋਂ ਰਚਾਏ ਜਾਂਦੇ ਸਾਹਿਤਕ ਸਮਾਗਮ ਗਿਣਤੀ ਪੱਖੋਂ ਸਵਾਲੀਆ ਚਿੰਨ੍ਹ ਦੇ ਘੇਰੇ ਤੋਂ ਬਾਹਰ ਰਹਿੰਦੇ ਹਨ।

15-4-10 -ਬੂਟਾ ਸਿੰਘ ਚੌਹਾਨ

## ਜ਼ਿੰਦਗੀ ਜਿਉਣਾ

ਜ਼ਿੰਦਗੀ ਜਿਉਣਾ
ਮਹਿਜ਼ ਏਨਾ ਸਹਿਜ ਨਹੀਂ
ਹੱਥੀਂ ਸਿਰਜੀ ਚਾਦਰ
’ਚ ਪੈਰ ਪਸਾਰਨਾ
ਜ਼ਿੰਦਗੀ ਦੇ ਕਾਂਡ ਦਾ ਅੰਤ ਨਹੀਂ
ਜ਼ਿੰਦਗੀ ਜਿਉਣਾ
ਲੰਬੀ ਜੰਗ ਲੜਨਾ ਹੈ
ਹੱਕ ਸੱਚ ਇਨਸਾਫ਼ ਦੀ

ਜ਼ਿੰਦਗੀ ਜਿਉਣਾ
ਤਲਵਾਰ ਦੀ ਧਾਰ ’ਤੇ
ਤੁਰਨਾ ਹੈ
ਦੁਵਿਧਾ ਦਾ ਸ਼ਿਕਾਰ ਹੋ ਕੇ
ਕਟ ਜਾਣਾ ਨਹੀਂ

ਜ਼ਿੰਦਗੀ ਜਿਉਣਾ
ਸੋਚ ਦੇ ਖੰਭਾਂ ਦਾ
ਵਿਸਥਾਰ ਕਰਨਾ ਹੈ
ਖੁੱਲ੍ਹੇ ਅਸਮਾਨ ’ਚ
ਉਡਾਰੀਆਂ ਲਾ ਕੇ
ਹਿਰਦਾ ਵਿਸ਼ਾਲ ਕਰਨਾ ਹੈ
ਧਰਤੀ ਤੇ ਖਿਲਰੀ ਚੋਗ ਵੇਖ ਕੇ
ਦਿਸ਼ਾ ਗਵਾਉਣਾ ਨਹੀਂ
ਜ਼ਿੰਦਗੀ ਜਿਊਣਾ
ਪਰਛਾਵੇਂ ਫੜਨਾ ਨਹੀਂ
ਧੁੱਪਾਂ ਸਿਰਜਣਾ ਹੈ

ਜ਼ਿੰਦਗੀ ਜਿਉਣਾ
ਵਗਦੇ ਪਾਣੀਆਂ 'ਤੇ
ਤੁਰਨਾ ਹੈ
ਤੁਰਦਿਆਂ ਤੁਰਦਿਆਂ
ਪਾਣੀਆਂ ਦੀ ਗਹਿਰਾਈ
ਦੀ ਫ਼ਿਤਰਤ ਜਾਣਨਾ ਹੈ

ਜ਼ਿੰਦਗੀ ਜਿਉਣਾ
ਵਗਦੇ ਪਾਣੀਆਂ ਵਾਂਗ
ਰਾਹ 'ਚ ਆਇਆ
ਸਭ ਕੁਝ ਰੋੜ੍ਹ ਲਿਜਾਣਾ ਹੈ
ਨਵੇਂ ਰਾਹ ਬਣਾਉਣਾ ਹੈ
ਹਰ ਪਲ ਚਲਦੇ ਰਹਿਣਾ ਹੈ

ਜ਼ਿੰਦਗੀ ਜਿਉਣਾ
ਅੱਗ 'ਚ ਕੁੱਦਣਾ ਹੈ
ਕੱਚੇ ਲੋਹੇ ਤੋਂ ਫੌਲਾਦ ਬਣ ਕੇ
ਮਜ਼ਬੂਤ ਹੋ ਕੇ
ਰਾਹ ਰੋਕਦੇ
ਪਹਾੜ ਕੱਟਣਾ ਹੈ

ਜ਼ਿੰਦਗੀ ਜਿਉਣਾ
ਲੰਮੀਆਂ ਉਦਾਸੀਆਂ 'ਚੋਂ
ਖ਼ੁਸ਼ੀਆਂ ਦੇ ਗੁਆਚੇ ਪਲ
ਲੱਭਣਾ ਹੈ
ਉਦਾਸੀ ਦੇ ਸੋਮਿਆਂ
ਨੂੰ ਜਾਣਨਾ ਹੈ
ਜ਼ਿੰਦਗੀ ਜਿਉਣਾ ਸੱਚ ਹੈ
ਚਿੱਟੇ ਦਿਨ ਵਰਗਾ

ਸੁਪਨਿਆਂ ਦੀ ਨਿਆਈਂ ਨਹੀਂ
ਜ਼ਿੰਦਗੀ ਛਲਾਵਾ ਨਹੀਂ
ਹਕੀਕਤ ਹੈ
ਮੋੜਿਆ ਨਹੀਂ ਜਾ ਸਕਦਾ
ਜਿਸ ਤੋਂ ਮੁੱਖ

ਜ਼ਿੰਦਗੀ ਜਿਉਣਾ
ਇਕ ਖ਼ੂਬਸੂਰਤ ਸਫ਼ਰ ਹੈ
ਦੁੱਖਾਂ ਸੁੱਖਾਂ ਦਾ ਮਿਸ਼ਰਣ
ਧੁੱਪਾਂ ਤੇ ਛਾਵਾਂ ਜਿਹਾ

## ਅਸੀਂ ਜੋ ਵੇਖਦੇ ਨਹੀਂ

ਪੌਣਾਂ ਦਾ
ਸਿਰਨਾਵਾਂ ਨਹੀਂ ਹੁੰਦਾ
ਪੌਣਾਂ ਦੀ ਨਿਸ਼ਚਿਤ
ਦਿਸ਼ਾ ਨਹੀਂ ਹੁੰਦੀ
ਪੌਣਾਂ ਦੀ ਤੋਰ ਦਾ
ਇਕ ਲਹਿਜ਼ਾ ਨਹੀਂ ਹੁੰਦਾ

ਪੌਣਾਂ ਆਪਣੇ ਆਪ ਵਗਦੀਆਂ ਨੇ
ਪੌਣਾਂ ਆਪਣੇ ਰਸਤੇ
ਆਪ ਚੁਣਦੀਆਂ ਨੇ
ਪੌਣਾਂ ਲਹਿਰ ਵੀ ਬਣਦੀਆਂ ਨੇ
ਤੇ ਕਹਿਰ ਵੀ

ਪੌਣਾਂ ਜੇਠ ਦੇ ਮਹੀਨੇ
ਤਪਦੀਆਂ ਵੀ ਨੇ
ਪੋਹ ਦੇ ਮਹੀਨੇ
ਠਰਦੀਆਂ ਵੀ ਨੇ
ਪਰ ਇਹ ਨਾ ਤਾਂ
ਸਭ ਲਈ ਤਪਦੀਆਂ ਨੇ
ਨਾ ਹੀ ਠਰਦੀਆਂ ਨੇ
ਪੌਣਾਂ ਤੇਜ ’ਵਾ-ਵਰੋਲੇ ਬਣ
ਬੱਚਿਆਂ ਦੇ ਹੱਥਾਂ ਨਾਲ਼ ਥਪ ਥਪਾ ਕੇ ਬਣਾਏ
ਘਰ ਢਾਹ ਦਿੰਦੀਆਂ ਨੇ
ਤੇ ਛੱਡ ਜਾਂਦੀਆਂ ਨੇ
ਕੁਝ ਬੱਚਿਆਂ ਦੇ ਘਰ
ਜਿਨ੍ਹਾਂ ਨੂੰ ਢਾਹੁਣ ਦੀ
ਹਿੰਮਤ ਨਹੀਂ ਰਖਦੀਆਂ ਪੌਣਾਂ

ਬਹੁਤ ਸਾਰੇ ਜਿਸਮਾਂ ਨੂੰ
ਇਹ ਸਾੜਦੀਆਂ ਨੇ
ਬਹੁਤ ਸਾਰੇ ਜਿਸਮਾਂ ਨੂੰ
ਠਾਰਦੀਆਂ ਨੇ
ਲਹੂ ਪੀਣਿਆਂ ਲਈ ਹੋਰ ਨੇ
ਅੰਨ ਦਾਤਿਆਂ ਲਈ ਹੋਰ

ਪੌਣਾਂ ਜੋ ਮੌਕਾਪ੍ਰਸਤ ਵੀ ਹੁੰਦੀਆਂ ਨੇ
ਸ਼ਰਾਰਤੀ ਵੀ ਹੁੰਦੀਆਂ ਨੇ
ਸਿਰਨਾਵਾਂ ਵੀ ਹੁੰਦਾ ਹੈ
ਠਿਕਾਣਾ ਵੀ ਹੁੰਦਾ ਹੈ
ਦਿਸ਼ਾ ਵੀ ਹੁੰਦੀ ਹੈ
ਲਹਿਜ਼ਾ ਵੀ ਹੁੰਦਾ ਹੈ
ਅਸੀਂ ਜੋ ਵੇਖਦੇ ਨਹੀਂ
ਅਸੀਂ ਜੋ ਪਰਖਦੇ ਨਹੀਂ।

## ਸਾਂਝੀ ਧਰਤੀ

ਮੈਂ ਸਰਹੱਦ ਦੀ
ਸਾਂਝੀ ਧਰਤੀ ਬੋਲਦੀ ਹਾਂ

ਮੈਂ ਕਿਸੇ ਦੀ ਨਹੀਂ
ਨਾ ਹੀ ਕੋਈ ਮੇਰਾ ਹੈ
ਮੈਂ ਚਿਰਾਂ ਤੋਂ ਪਈ
ਬੇ-ਆਬਾਦ ਧਰਤੀ ਹਾਂ

ਉੱਗ ਆਇਆ ਹੈ
ਮੇਰੀ ਹਿੱਕ 'ਤੇ ਜੰਗਲ
ਮੇਰੇ ਕਣ
ਹਲ਼ ਦੀ ਨੋਕ ਨੂੰ 'ਡੀਕਦੇ
ਹੰਭ ਗਏ ਨੇ
ਹਾਰ ਗਏ ਨੇ
ਹੁਣ ਤਾਂ ਮੇਰੇ ਜਿਸਮ 'ਤੇ
ਝਾੜੀਆਂ ਹੀ ਝਾੜੀਆਂ ਨੇ
ਥੋਹਰ ਹੀ ਥੋਹਰ
ਪਤਾ ਨਹੀਂ ਕੀ ਕੀ ਹੋਰ

ਮੇਰੀਆਂ ਵੀ ਕੁਝ ਇੱਛਾਵਾਂ ਨੇ
ਮੈਂ ਵੀ ਹਾਂ ਲੋਚਦੀ
ਮੈਨੂੰ ਵੀ ਕੋਈ ਵਾਹੇ-ਬੀਜੇ
ਮੇਰੇ 'ਚੋਂ ਵੀ
ਮੋਤੀਆਂ ਵਰਗੀ ਫ਼ਸਲ ਉਗਾਵੇ
ਮੇਰੇ ਕੱਚੇ ਦਾਣਿਆਂ 'ਚੋਂ
ਪਰਾਗ ਦੀ ਮਹਿਕ ਚੁਫ਼ੇਰੇ ਖਿਲਰੇ
ਕੋਈ ਢੋਲੇ, ਟੱਪੇ ਤੇ ਮਾਹੀਏ ਗਾਵੇ

ਪਰ ਮੇਰੇ ਸੋਚਿਆਂ
ਕੀ ਬਣਦਾ ਹੈ
ਮੇਰੀ ਸੋਚ
ਮੇਰੀ ਨਹੀਂ ਰਹੀ
ਮੇਰੀ ਸੋਚ
ਮੇਰੀ ਰਹਿਣ ਹੀ ਨਹੀਂ ਦਿੱਤੀ ਗਈ

ਮੈਂ ਅੱਧੀ ਸਦੀ ਤੋਂ
ਨਫ਼ਰਤ ਹੀ ਨਫ਼ਰਤ ਵੇਖੀ ਹੈ
ਮੈਂ ਪਿੰਡੇ ’ਤੇ
ਸੰਤਾਲੀ ਹੰਢਾਇਆ ਹੈ
ਮੇਰੇ ਉਤੋਂ ਦੀ ਲੰਘੀਆਂ ਨੇ
ਲੋਥਾਂ ਭਰੀਆਂ
ਦਨਦਨਾਉਂਦੀਆਂ ਰੇਲਾਂ

ਸ਼ਰਨਾਰਥੀ ਕੈਂਪਾਂ ’ਚੋਂ ਉਠੀਆਂ
ਦਿਲ ਵਿੰਨ੍ਹਵੀਆਂ ਲੇਰਾਂ
ਉੱਕਰੀਆਂ ਹੋਈਆਂ ਨੇ
ਮਨ ’ਤੇ ਲਕੀਰਾਂ ਵਾਂਗ
ਕੰਜਕਾਂ ਦੀਆਂ
ਦੁਹਾਈ ਪਾਉਂਦੀਆਂ
ਆਸਰੇ ਮੰਗਦੀਆਂ
ਰਹਿਮ ਲੋੜਦੀਆਂ ਕੂਕਾਂ
ਮੇਰੇ ਕੰਨਾਂ ’ਚ ਗੂੰਜਦੀਆਂ ਨੇ
ਮੇਰੀਆਂ ਅੱਖਾਂ ਸਾਹਵੇਂ
ਪੈਂਦੇ ਝਉਲਿਆਂ ’ਚੋਂ
ਉੱਭਰ ਰਹੇ ਨੇ ਚਿਹਰੇ
ਡਰੇ ਹੋਏ, ਸਹਿਮੇ ਹੋਏ
ਜਾਨਾਂ ਬਚਾਉਂਦੇ
ਛੱਡ ਆਏ ਸੀ ਜੋ

ਮਰ-ਮਰ, ਖਪ-ਖਪ ਵਸਾਏ
ਆਪਣੇ ਘਰਾਂ ਨੂੰ

ਮੰਜ਼ਿਲ ਗੁਆਚ ਗਈ ਸੀ
ਪਤਾ ਨਹੀਂ ਸੀ
ਕਿੱਥੇ ਜਾਣਾ ਹੈ
ਕਿੱਥੇ ਰਹਿਣਾ ਹੈ
ਸੰਤਾਪੇ ਦਸਾਂ ਨਹੁੰਆਂ ਨੇ
ਕਿਹੜੀ ਮੁਸ਼ੱਕਤ ਕਰਨੀ ਹੈ

ਕੋਈ ਮੇਰੀ ਇਕ ਅੱਖ ਦੇ ਪਾਸਿਓਂ
ਆ ਰਿਹਾ ਸੀ
ਕੋਈ ਮੇਰੀ ਦੂਜੀ ਅੱਖ ਦੇ ਪਾਸਿਓਂ
ਜਾ ਰਿਹਾ ਸੀ
ਮੇਰੀ ਹੋਂਦ
ਪੱਥਰ 'ਚੋਂ
ਫੁਟਦੇ ਅੰਕੁਰ ਵਰਗੀ ਸੀ
ਮੇਰੀ ਹੋਂਦ 'ਤੋਂ ਪਹਿਲਾਂ
ਸਾਰੇ ਇੱਕੋ ਸਨ
ਤੇ ਹੁਣ
ਇਕ ਪਾਸੇ ਹੋਰ ਦੇਸ਼ ਹੈ
ਦੂਜੇ ਪਾਸੇ ਹੋਰ

ਸਮੇਂ ਨੇ ਗੁਜ਼ਰਨਾ ਹੀ ਸੀ
ਸਮੇਂ ਨੇ ਤੁਰਨਾ ਹੀ ਸੀ
ਸਮਾਂ ਰੀਂਘਿਆ
ਫੇਰ ਤੁਰਿਆ
ਸਮੇਂ ਦੇ ਨਾਲ਼ ਚਲਦੀਆਂ ਰਹੀਆਂ
ਨਫ਼ਰਤਾਂ ਦੀਆਂ
ਪਿਆਰ ਦੀਆਂ
ਤੇ ਵੰਡੇ ਹੋਏ

ਪੰਜੇ ਪਾਣੀਆਂ ਦੀਆਂ ਗੱਲਾਂ
ਫੇਰ ਚਲਦੇ ਕਾਫ਼ਲਿਆਂ ਦੀ ਧੂੜ
ਮਸਾਂ ਬੈਠੀ ਸੀ ਧਰਤੀ 'ਤੇ
ਕਾਫ਼ਲੇ ਵਾਲੇ
ਮਸਾਂ ਸੌਣ ਲੱਗੇ ਸੀ
ਸੁੱਖ ਦੀ ਨੀਂਦ
ਫੇਰ ਉੱਠੀ
ਨਫ਼ਰਤ ਦੀ ਹਨੇਰੀ
ਜਿਸ 'ਚ
ਅਮਨ ਚੈਨ ਸੁੱਕੇ ਪੱਤਿਆਂ ਵਾਂਗ ਉਡਿਆ
ਤਣ ਗਈਆਂ ਸੰਗੀਨਾਂ
ਦੋਵੇਂ ਪਾਸਿਓਂ
ਅੱਖਾਂ ਇਕ ਦੂਜੇ ਨੂੰ ਘੂਰਨ ਲੱਗੀਆਂ
ਜਿਨ੍ਹਾਂ 'ਚ ਖ਼ੂਨ ਉਤਰਿਆ ਸੀ
ਓਪਰਾਪਣ ਸੀ
ਦਰਿੰਦਗੀ ਸੀ
ਮੇਰੇ ਕੰਨੀਂ ਪੈਂਦੀਆਂ ਸੀ
ਗੋਲ਼ੀਆਂ ਦੀਆਂ ਆਵਾਜ਼ਾਂ
ਟੈਂਕਾਂ ਦੀ ਗੜਗੜਾਹਟ
ਸਾਹਾਂ 'ਚ ਘੁਲ਼ਦੀ ਸੀ
ਬਾਰੂਦੀ ਗੰਧ

ਕੌਣ ਮਰ ਰਿਹਾ ਸੀ
ਕੌਣ ਮਾਰ ਰਿਹਾ ਸੀ
ਸਭ ਦੇ ਚਿਹਰਿਆਂ ਦਾ ਰੰਗ
ਸਭਨਾਂ ਦੇ ਲਹੂ ਦਾ ਰੰਗ
ਇੱਕੋ ਸੀ

ਮੈਂ ਨਾ ਅਹੱਲਿਆ ਸੀ
ਨਾ ਦਰੋਪਦੀ
ਨਾ ਕ੍ਰਿਸ਼ਨ ਬਹੁੜਿਆ

ਨਾ ਹੀ ਰਾਮ
ਮੈਂ ਬੇ-ਵੱਸ ਸੀ
ਇਕੱਲੀ, ਸੁੰਨੀ
ਦੁੱਖ ਦੇ ਆਲਮ 'ਚ ਡੁੱਬੀ

ਮੇਰੇ ਮਨ ਤੇ ਛਾਏ ਸਨ
ਨਫ਼ਰਤ ਦੇ ਬੱਦਲ
ਜੋ ਸਿਰੋਂ ਲੰਘਦੇ ਸੀ
ਜੋ ਗਰਜਦੇ ਨਹੀਂ ਸਨ
ਜੋ ਵਰਸਦੇ ਨਹੀਂ ਸਨ
ਹੁੰਮਸ ਦੀ ਸੂਲ਼ੀ ਚੜ੍ਹੇ ਹੋਏ

ਫੇਰ ਮੇਰੇ ਇਕ ਪਾਸਿਓਂ
ਟਕਰਾਈਆਂ ਦੋ ਆਵਾਜ਼ਾਂ
ਤੇ ਇਕ ਆਵਾਜ਼ 'ਚ
ਜਾ ਰਲ਼ੀ
ਮੁਕਤੀ ਵਹਿਣੀ ਆਵਾਜ਼
ਤੇ ਦੋਵੇਂ ਟਕਰਾਈਆਂ ਆਵਾਜ਼ਾਂ
ਬਣ ਗਈਆਂ ਫੇਰ ਦੋ ਦੇਸ਼
ਤੇ ਫਿਰ ਇਕ ਦੇਸ਼ ਦੀ
ਅੱਖ 'ਚ ਰੜਕਦੀ ਰਹੀ
ਮੁਕਤੀ ਵਹਿਣੀ ਦੀ ਆਵਾਜ਼
ਜੋ ਰਾਹਦਾਰੀ ਬਣ ਗਈ
ਮੇਰੇ ਇਕ ਪਾਸੇ ਵਸੇ
ਦੇਸ਼ ਦੇ ਅਮਨ ਚੈਨ ਨੂੰ
ਸੂਲ਼ੀ ਟੰਗਣ ਲਈ
ਤੇ ਵਹਿਣ ਲੱਗਿਆ
ਨਿਰਦੋਸ਼ਿਆਂ ਦਾ ਖ਼ੂਨ
ਅੰਬਰਾਂ ਨੂੰ ਜਾ ਛੋਹੀਆਂ
ਮਾਸੂਮਾਂ ਦੀਆਂ ਚੀਕਾਂ
ਉਚਾ ਉਠਿਆ

ਗਲ਼ਾਂ 'ਚ ਪਾਏ ਟਾਇਰਾਂ ਦਾ ਧੂੰਆਂ
ਹਵਾ 'ਚ ਤੈਰਨ ਲੱਗੇ
ਖੂਹਾਂ ਤੋਂ ਡੂੰਘੇ ਵੈਣ
ਚਿੱਟੀਆਂ ਹੋ ਗਈਆਂ
ਸਿਖ਼ਰ ਦੁਪਹਿਰੇ ਸੂਹੀਆਂ ਚੁੰਨੀਆਂ
ਵੰਡੇ ਜਾਣ ਲੱਗੇ ਮਨ
ਹਿਜ਼ਰਤਾਂ ਦੇ ਮੌਸਮ
ਆ ਧਮਕੇ
ਵਸਦੇ ਘਰਾਂ 'ਚ
ਆਲ੍ਹਣਿਆਂ ਦੇ ਪਰਿੰਦੇ
ਮਾਰਨ ਲੱਗੇ ਕੁਵੇਲੇ ਉਡਾਰੀਆਂ

ਜਦੋਂ ਪਰਤੇ
ਭਾਵੇਂ ਸੂਰਜ ਸੁਖਾਵਾਂ ਚੜ੍ਹਦਾ ਸੀ
ਸ਼ਾਮ ਵੀ ਕੁੜੱਤਣ ਭਰੀ ਨਹੀਂ ਸੀ
ਪਰ ਮਨਾਂ 'ਚ
ਨਫ਼ਰਤ ਦੇ ਚਿੰਨ੍ਹ
ਦਿਸ ਰਹੇ ਸਨ
ਜ਼ਖ਼ਮਾਂ ਦੇ ਨਿਸ਼ਾਨਾਂ ਵਾਂਗ

ਇਨਸਾਨੀਅਤ ਨੂੰ
ਸੂਲ਼ੀ ਚਾੜ੍ਹਨ ਦੀਆਂ
ਬਣਦੀਆਂ ਸੀ ਸਾਜ਼ਿਸ਼ਾਂ
ਮੇਰੀ ਅੱਖ ਦੇ ਇਕ ਪਾਸੇ

ਮੈਂ ਲੋਕ-ਆਵਾਜ਼ ਵੀ ਸੁਣੀ
ਜਿਸ ਦੇ ਕੰਨਾਂ 'ਚ
ਅਜੇ ਵੀ ਗੂੰਜਦੀ ਹੈ
ਢੋਲੇ ਮਾਹੀਏ, ਜਿੰਦੂਏ
ਤੇ ਪੱਤਣ ਲੰਘਣ ਦੀ ਤਾਂਘ

ਜਿਨ੍ਹਾਂ ’ਚ ਅਜੇ ਵੀ ਹੈ
ਇਕ ਜਿਸਮਾਂ ਦੇ ਹੋਏ ਹਿੱਸਿਆਂ ਨੂੰ
ਜੋੜਨ ਦੀ ਰੀਝ
ਜੋ ਅਜੇ ਵੀ
ਬਾਲ਼ਦੇ ਨੇ ਦੀਵੇ
ਆਪਣੀਆਂ ਹਥੇਲੀਆਂ ’ਤੇ
ਤੇ ਬਾਲ਼ਦੇ ਨੇ ਮੋਮਬੱਤੀਆਂ
ਮੇਰੀਆਂ ਚੁੰਨ੍ਹੀਆਂ ਅੱਖਾਂ
ਰੁਸ਼ਨਾਉਣ ਲਈ
ਮੇਰੇ ਚੁਫ਼ੇਰੇ ਉੱਗੀਆਂ
ਕਾਹੀਆਂ, ਥੋਹਰਾਂ ਤੇ ਝਾੜੀਆਂ
ਪੁੱਟਣ ਲਈ
ਮੇਰੀ ਪਿਆਸੀ ਜ਼ੁਬਾਨ ’ਚ
ਪੰਜਾਂ ਪਾਣੀਆਂ ਦੇ ਤੁਪਕੇ ਪਾਉਣ ਦੀ

ਮੈਂ ਮਿਟਣ ਲਈ ਤਿਆਰ ਹਾਂ
ਪਰ ਯਾਦ ਕਰੋ
ਮੇਰੀਆਂ ਅੱਖਾਂ ਦੁਆਲੇ ਵਸਦੇ
ਦੇਸ਼ਾਂ ਦੇ ਵਸਣ ਵਾਲਿਓ
ਤੁਸੀਂ ਹੀ ਲੜੀ ਸੀ
ਮੇਰੀ ਹੋਂਦ ਤੋਂ ਪਹਿਲਾਂ
ਤੁਹਾਨੂੰ ਵੰਡਣ ਵਾਲੀ
‘ਗੋਰੀ ਚਮੜੀ’ ਦੇ ਖਿਲਾਫ਼ ਜੰਗ
ਮੈਂ ਮਿਟਣਾ ਚਾਹੁੰਦੀ ਹਾਂ...

## ਖ਼ੂਬਸੂਰਤ ਸੁਪਨੇ ਦੀ ਉਡੀਕ

ਜਦੋਂ ਉਡੀਕ ਹੋਵੇ
ਕਿਸੇ ਖ਼ੂਬਸੂਰਤ
ਸੁਪਨੇ ਤੇ ਹਕੀਕਤ ਦੀ
ਤਾਂ ਖਿੜ ਪੈਂਦੇ ਨੇ
ਗਮਲਿਆਂ ਦੇ ਫੁੱਲ
ਚਮਕ ਉਠਦੀ ਹੈ
ਘਰ ਦੀ ਹਰੇਕ ਸ਼ੈਅ
ਮਹਿਕ ਪੈਂਦਾ ਵਿਹੜਾ
ਲੈਣ ਲਗਦੀਆਂ ਨੇ
ਨਿਰਜਿੰਦ ਵਸਤਾਂ ਵੀ ਸਾਹ
ਸਮੇਂ ਦੇ ਪਲ-ਪਲ ਦੀ ਆਹਟ
ਘੁਲ਼ਦੀ ਹੈ ਸੰਗੀਤ ਬਣਕੇ ਕੰਨਾਂ 'ਚ

ਜਿਉਂਦਾ ਜਾਗਦਾ
ਲਗਦਾ ਹੈ ਚਾਰ ਚੁਫੇਰਾ
ਪੈਰ ਥਿਰਕਣ ਲਗਦੇ ਨੇ
ਬੁੱਲ੍ਹਾਂ ਤੇ ਗੀਤ ਨਚਦੇ ਨੇ
ਜਗ ਪੈਂਦੇ ਨੇ
ਹੱਥਾਂ 'ਤੇ ਆਸਾਂ ਦੇ ਦੀਵੇ
ਖੜ੍ਹਨਾ ਪੈਂਦਾ ਹੈ
ਘਰ ਦੀ ਦਹਿਲੀਜ਼ 'ਤੇ
ਅੱਖਾਂ 'ਚ ਕਾਸ਼ਨੀ ਸੁਪਨੇ ਲੈ ਕੇ
ਖੁੱਲ੍ਹ ਜਾਂਦੀ ਹੈ
ਆਸਾਂ ਦੀ ਪਟਾਰੀ
ਮਨ ਦੇ ਅੰਬਰ 'ਤੇ
ਤਾਰਿਆਂ ਵਾਂਗ ਚਮਕ ਪੈਂਦੀਆਂ ਨੇ ਯਾਦਾਂ

ਸਮੇਂ ਦੇ ਚਿੱਤਰ-ਪਟ 'ਤੇ
ਉੱਕਰ ਜਾਂਦੇ ਨੇ

ਅਣਗਿਣਤ ਦੁਨੀਆਂ ਤੋਂ
ਬੇ-ਖ਼ੌਫ਼ ਹੋ ਕੇ
ਬਿਤਾਏ ਪਲ
ਤੇ ਹੋਰ ਵੀ ਬਹੁਤ ਕੁਝ
ਚੇਤਿਆਂ ਦੀ ਡਾਇਰੀ 'ਤੇ
ਉੱਕਰ ਜਾਂਦਾ ਹੈ
ਖ਼ੂਬਸੂਰਤ ਸੁਪਨੇ ਦੀ ਉਡੀਕ 'ਚ

ਖ਼ੂਬਸੂਰਤ ਸੁਪਨੇ
ਦੇ ਰਾਹਾਂ 'ਚ ਵੀ
ਬਹੁਤ ਕੁਝ ਹੁੰਦਾ ਹੈ
ਜੋ ਦਿਸਦਾ ਨਹੀਂ
ਆਲੇ ਦੁਆਲੇ ਨੂੰ
ਬੇ-ਖ਼ਬਰ ਹੋਏ
ਕੱਚੇ ਦੁੱਧ ਜਿਹੇ ਸੁਪਨਿਆਂ ਨੂੰ

ਖ਼ੂਬਸੂਰਤ ਸੁਪਨੇ ਦੀ ਉਡੀਕ
ਮੁਕਦੀ ਨਹੀਂ ਹੁੰਦੀ
ਖ਼ੂਬਸੂਰਤ ਸੁਪਨੇ ਦੀ ਉਡੀਕ
ਖ਼ਤਮ ਨਹੀਂ ਹੁੰਦੀ
ਖ਼ੂਬਸੂਰਤ ਸੁਪਨਾ
ਲਿਆ ਨਹੀਂ ਜਾਂਦਾ
ਆ ਜਾਂਦਾ ਹੈ ਆਪਣੇ ਆਪ
ਜੋ ਪੰਛੀ ਵਾਂਗ
ਪੋਲੇ-ਪੋਲੇ ਪੱਬ ਧਰਦਾ
ਰਚ ਜਾਂਦਾ ਹੈ ਸਾਹੀਂ
ਬਣ ਜਾਂਦਾ ਹੈ
ਅੱਖਾਂ ਦੀ ਤਾਂਘ

ਖ਼ੂਬਸੂਰਤ ਸੁਪਨੇ ਦੀ
ਹਮੇਸ਼ਾ ਉਡੀਕ ਰਹਿੰਦੀ ਹੈ

## ਸੁਖਾਵੇਂ ਸਾਹਾਂ ਦੀ ਤਲਾਸ਼

ਵਕਤ ਦੀ ਦਹਿਲੀਜ਼ 'ਤੇ
ਪੈਰ ਧਰਦਿਆਂ
ਸੋਚਿਆ ਸੀ
ਚਿਤਵਿਆ ਸੀ ਕਿ ਆਵੇਗਾ
ਇੱਕ ਲੰਬਾ ਜਿਹਾ
ਸੁਖਾਵਾਂ ਸਾਹ
ਪਰ ਜਦੋਂ ਵੇਖਿਆ
ਟਿਕਿਆ ਹੋਇਆ ਸੀ
ਸੰਘੀ 'ਤੇ ਇਕ ਅਦਿੱਖ ਹੱਥ
ਜੋ ਸੌਖੇ ਸਾਹਾਂ ਨੂੰ
ਸਰਾਲ਼ ਵਾਂਗ ਪੀਂਦਾ ਸੀ
ਜਿਸ ਅੱਗੇ ਨਿਤਾਣੇ ਸਨ
ਦੋਵੇਂ ਹੱਥ

ਮੈਂ ਸਿਰ ਚੁੱਕ ਕੇ ਵੇਖਿਆ
ਤਰਸ ਰਹੇ ਸੀ
ਬਹੁਤ ਸਾਰੇ ਮੇਰੇ ਜਿਹੇ
ਸੌਖਿਆਂ ਸਾਹਾਂ ਨੂੰ
ਜੋ ਦਬੇ ਹੋਏ ਸੀ
ਫ਼ਿਕਰਾਂ ਤੇ ਹਉਕਿਆਂ ਦੇ ਭਾਰ ਹੇਠ
ਕਹਿੰਦੇ ਨੇ
ਜਦ ਧਰਤੀ ਵੀ
ਭਰ ਜਾਂਦੀ ਹੈ
ਹਵਾ ਨਾਲ਼
ਪੂਰੇ ਸਾਹ ਦੀ ਭਾਲ਼ 'ਚ
ਉਹ ਵੀ ਬਣ ਜਾਂਦੀ ਹੈ
ਤੂਫ਼ਾਨ ਜਵਾਲਾਮੁਖੀ ਤੇ ਭੁਚਾਲ

ਫ਼ਿਕਰਾਂ ਦੇ ਬੋਝ ਹੇਠ
ਸਾਹ ਘੁੱਟ ਰਹੇ ਨੇ
ਕਰਜ਼ਿਆਂ ਦੇ ਹੇਠ
ਸਾਹ ਦਬ ਰਹੇ ਨੇ
ਪਤਾ ਨਹੀਂ ਕਦੋਂ ਬਣਨਗੇ
ਧਰਤੀ ਹੇਠਲੇ ਹਵਾ ਦੇ ਜਾਏ

## ਕਦੇ ਚਾਹਿਆ ਸੀ

ਕਦੇ ਚਾਹਿਆ ਸੀ
ਤੇਰੇ ਮਖ਼ਮਲੀ ਹੱਥ ਨੂੰ
ਹੱਥ 'ਚ ਫੜ ਕੇ ਤੁਰਨਾ

ਕੇਹਾ ਸਮਾਂ ਸੀ
ਸੋਚ ਬੇ-ਲਗਾਮ
ਘੋੜੇ ਵਾਂਗ ਦੌੜਦੀ
ਕਲਪਨਾ 'ਚ ਦਿਖਾਈ ਦਿੰਦੇ
ਬਸ ਤੇਰੇ ਹੀ ਨਕਸ਼

ਬੜਾ ਚਾਹਿਆ ਸੀ
ਸ਼ਿੱਦਤ ਨਾਲ਼ ਤੈਨੂੰ
ਲੋਚਦੀਆਂ ਸੀ ਹਰ ਵੇਲੇ ਅੱਖਾਂ
ਸਿਰਫ਼ ਤੇਰੀ ਹੀ ਦੀਦ
ਪਰ ਲੰਘ ਜਾਂਦਾ ਸੀ
ਤੇਰੇ ਕੋਲ ਦੀ
ਬੇ-ਜ਼ੁਬਾਨ ਹੋ ਕੇ
ਹੋਠਾਂ ਨਾਲ਼ ਟਕਰਾ ਕੇ
ਮੁੜ ਜਾਂਦੀ ਸੀ
ਤੈਨੂੰ 'ਆਪਣਾ'
ਕਹਿਣ ਵਾਲੀ ਆਵਾਜ਼

ਪਰ ਮੁਹੱਬਤ
ਮੁਹਤਾਜ ਨਹੀਂ ਹੁੰਦੀ
ਸ਼ਬਦਾਂ ਦੀ
ਬੋਲਾਂ ਦੀ
ਸਭ ਕੁਝ ਕਹਿ ਦਿੰਦੀਆਂ ਨੇ
ਮੁਹੱਬਤ ਦੇ ਰੰਗ 'ਚ

ਰੰਗੀਆਂ ਅੱਖਾਂ
ਬਹੁਤ ਕੁਝ ਕਹਿ ਜਾਂਦੀ ਹੈ
ਮੁਹੱਬਤ 'ਚ ਸੁੰਨ ਹੋਏ
ਮਨ ਦੀ ਗਾਥਾ

ਉਹ ਵੀ ਦਿਨ ਸਨ
ਹਰ ਰਾਤ ਪਿੱਛੋਂ
ਰਹਿੰਦੀ ਸੀ ਸਵੇਰ ਦੀ ਉਡੀਕ
ਉਦੋਂ ਨਹੀਂ ਸੀ ਪਤਾ
ਮੁਹੱਬਤ ਦੇ ਰਾਹ 'ਚ
ਹੁੰਦੀਆਂ ਨੇ ਬੇ-ਸ਼ੁਮਾਰ ਔਕੜਾਂ

ਉਦੋਂ ਲਗਦਾ ਸੀ
ਮੁਹੱਬਤ ਹੀ ਵਸਦਾ ਸੰਸਾਰ
ਮੁਹੱਬਤ ਹੀ ਪੂਜਾ
ਮੁਹੱਬਤ ਹੀ ਸਭ ਕੁੱਝ
ਮੁਹੱਬਤ ਹੀ ਲਗਦੀ ਸੀ
ਇਬਾਦਤ ਤੇ ਸਿਜਦਾ

ਉਦੋਂ ਨਹੀਂ ਸੀ ਪਤਾ
ਮੁਹੱਬਤ ਹੈ ਜ਼ਿੰਦਗੀ ਦੇ
ਸਫ਼ਰ ਦਾ ਪਹਿਲਾ ਕਦਮ
ਇਲਮ ਹੀ ਨਹੀਂ ਸੀ
ਫੁੱਲਾਂ ਦੇ ਨਾਲ਼
ਉਗਦੇ ਨੇ ਖ਼ਾਰ ਵੀ
ਹਰੇ ਭਰੇ ਜੰਗਲਾਂ ਨੂੰ
ਜਲ਼ਾ ਦੇਣ ਵਾਲੀ ਅੱਗ ਵੀ
ਹੁੰਦੀ ਹੈ ਇਸੇ ਧਰਤੀ 'ਤੇ

ਉਦੋਂ ਨਹੀਂ ਸੀ ਪਤਾ
ਦੋਹਾਂ ਵਿਚਕਾਰ ਹੈ
ਬਹੁਤ ਡੂੰਘੀ ਖਾਈ
ਜੀਹਨੂੰ ਪਾਰ ਕਰਨਾ
ਹੋਵੇਗਾ ਬਹੁਤ ਹੀ ਮੁਸ਼ਕਿਲ

ਹੁਣ ਜਦੋਂ ਵਕਤ ਦੇ ਝਰੋਖੇ 'ਚੋਂ
ਚਿਤਵੀ ਦੇ ਨੇ ਉਹ ਦਿਨ
ਬਣ ਜਾਂਦੇ ਨੇ
ਹਵਾ ਦਾ ਸੀਤ ਬੁੱਲ੍ਹਾ
ਵਕਤਾਂ ਮਾਰੀ ਰੂਹ ਲਈ
ਪਰ ਬਹੁਤ ਫ਼ਰਕ ਹੁੰਦਾ ਹੈ
ਚਾਹਤ ਤੇ ਅਪਣਾਉਣ ਵਿਚ

## ਬਿਖ਼ਰ ਰਹੇ ਨੇ ਰਿਸ਼ਤੇ

ਰੁੱਖਾਂ ਦੇ ਪੱਤਿਆਂ ਵਾਂਗ
ਟੁੱਟ ਰਹੇ ਨੇ ਰਿਸ਼ਤੇ
ਕੱਚ ਵਾਂਗ
ਤਿੜਕ ਰਹੇ ਨੇ ਰਿਸ਼ਤੇ
ਰਿਸ਼ਤਿਆਂ ਦਾ ਰੰਗ
ਉਡਦਾ ਜਾ ਰਿਹੈ
ਕੰਧਾਂ 'ਤੇ ਲਿਖੇ ਹਰਫ਼ਾਂ ਵਾਂਗ

ਕਦੇ ਇਕੱਲਤਾ ਦਾ ਡੰਗਿਆ
ਭੱਜਿਆ ਸੀ ਆਦਮੀ
ਮਨੁੱਖੀ ਭੀੜ ਵੱਲ
ਬੰਨ੍ਹਿਆ ਸੀ ਖ਼ੁਦ ਨੂੰ
ਰਿਸ਼ਤਿਆਂ ਦੀਆਂ ਤੰਦਾਂ 'ਚ

ਜੁੜੀਆਂ ਤੰਦਾਂ ਨੇ
ਸਿਰਜੀ ਸੀ ਸੱਭਿਅਤਾ
ਹੋਂਦ ਵਿਚ ਆ ਗਏ ਸਨ
ਅਣਗਿਣਤ ਰਿਸ਼ਤੇ

ਰਿਸ਼ਤੇ
ਜੋ ਬੁੱਕਲ਼ ਦਾ ਨਿੱਘ ਬਣੇ
ਮਾਂ ਦੀ ਅਸੀਸ
ਰੁੱਖਾਂ ਦੇ ਜੇਰੇ ਵੀ
ਠੰਢੀਆਂ ਛਾਵਾਂ ਵੀ
ਰਿਸ਼ਤੇ
ਚੱਟਾਨ ਵਾਂਗ ਖੜ੍ਹਦੇ
ਹਰ ਦੁੱਖ ਜਰਦੇ

ਰਿਸ਼ਤੇ
ਬਾਹਾਂ ਵੀ ਬਣਦੇ
ਮਹਿਕ ਵਾਂਗੂੰ ਰੂਹਾਂ 'ਚ ਘੁਲ਼ਦੇ

ਪਰ ਹੁਣ
ਕੇਹੇ ਆ ਗਏ ਨੇ ਪੜਾਅ
ਰਿਸ਼ਤਿਆਂ ਦੇ ਸਫ਼ਰ 'ਚ
ਪਰਤ ਰਹੇ ਹਾਂ ਭੀੜ ਤੋਂ
ਫੇਰ ਇਕੱਲਤਾ ਵੱਲ
ਤੋੜ ਰਹੇ ਹਾਂ
ਹੱਥੀਂ ਪੀਡੀਆਂ ਕਰੀਆਂ ਤੰਦਾਂ
ਬਿਖ਼ਰ ਰਹੇ ਹਾਂ
ਰੇਤ ਦੇ ਕਣਾਂ ਵਾਂਗ
ਡੁੱਬ ਰਹੇ ਹਾਂ
ਆਪਣੇ ਹੀ ਅੰਦਰ

ਕੇਹੇ ਆ ਗਏ ਨੇ ਪੜਾਅ
ਰਿਸ਼ਤਿਆਂ ਦੇ ਸਫ਼ਰ ਵਿਚ
ਜਨਣਹਾਰਿਆਂ ਲਈ
ਪਾ ਰਹੇ ਹਾਂ 'ਬਿਰਧ ਆਸ਼ਰਮ'
ਚੁਕਾ ਰਹੇ ਹਾਂ 'ਰਿਣ'
ਮਮਤਾ ਦੇ ਮੋਹ ਦਾ
ਚੇਤੇ ਨਹੀਂ ਆਉਂਦਾ
ਕਿਸੇ ਨੂੰ ਵੀ ਸਰਵਣ

ਕਿੱਥੇ ਗਿਆ ?
ਨਾੜਾਂ 'ਚ ਵਗਦਾ ਲਾਲ ਖ਼ੂਨ
ਕਿਹੜੀ ਮੰਜ਼ਿਲ ਹੈ
ਜਿਸ ਵੱਲ

ਨਿਰਮੋਹੇ ਹੋ ਕੇ
ਨਿੱਜਤਾ ਦੇ ਬਣ ਕੇ ਗੁਲਾਮ
ਦੌੜੇ ਜਾ ਰਹੇ ਹਾਂ
ਕਿਹੋ ਜਿਹੇ ਹੋ ਗਏ ਨੇ
ਸਾਡੇ ਸੁਭਾਅ
ਨਿਗੁਣੀਆਂ ਲੋੜਾਂ ਲਈ
ਬਣਾਉਂਦੇ ਹਾਂ ਰਿਸ਼ਤੇ
ਭਟਕ ਰਹੇ ਹਾਂ
ਟੁੱਟੇ ਪੱਤਿਆਂ ਵਾਂਗ
ਨਿੱਜਤਾ ਦੇ ਖ਼ਿਲਾਅ 'ਚ

## ਤਾਰਿਆਂ ਵੱਲ ਤੱਕੋ

ਤਾਰਿਆਂ ਵੱਲ ਤੱਕੋ
ਲੱਖਾਂ ਕੋਹਾਂ ਤੋਂ
ਜਗਮਗਾਉਂਦੇ, ਟਿਮਟਮਾਉਂਦੇ
ਅੰਧਕਾਰ ਨੂੰ ਚੀਰਦੇ
ਕਾਇਮ ਰਖਦੇ
ਹੋਂਦ ਤੇ ਵਜੂਦ
ਚਾਨਣ ਦੀ ਫੁਲਕਾਰੀ
ਤਾਣਦੇ ਨੇ
ਰਾਤ ਦਿਆਂ ਰਾਹੀਆਂ ’ਤੇ

ਵੇਖਦੇ ਨੇ
ਚੰਦ ਲੋਕਾਂ ਨੂੰ
ਸਾਜ਼ਿਸ਼ਾਂ ਘੜਦੇ
ਹਉਮੇ ਲਈ ਲੜਦੇ
ਠਰੇ ਹੱਥ ਸੇਕਣ ਲਈ
ਕਚੂਰ ਜੰਗਲ ਸਾੜਦੇ
ਕੁਰਸੀਆਂ ਸਿਰਜਣ ਲਈ
ਹਰ ਜ਼ਫ਼ਰ ਜਾਲ਼ਦੇ
ਉਹ ਵੇਖ ਸਕਦੇ ਨੇ
ਧਰਤੀ ਦਾ ਹਰ ਵਰਤਾਰਾ
ਛੋਟਾ ਵੀ, ਵੱਡਾ ਵੀ

ਤਾਰੇ ਦਿੰਦੇ ਨੇ ਸੁਨੇਹਾ
ਜਗਮਗਾਉਣ ਦਾ
ਟਿਮਟਮਾਉਣ ਦਾ
ਅੰਧਕਾਰ ਚੀਰ ਕੇ
ਹੋਂਦ ਜਿਤਾਉਣ ਦਾ

ਤਾਰਿਆਂ ਦੀਆਂ
ਅੱਖਾਂ ਨਾਲ਼ ਤੱਕੋ
ਸਭ ਕੁਝ ਨਜ਼ਰੀਂ ਆਵੇਗਾ
ਜੋ ਜਿਉਣ ਨਹੀਂ ਦਿੰਦਾ
ਕੰਧਾਂ ਦੀ ਵਲਗਣੋਂ ਬਾਹਰ
ਵੇਖਣ ਨਹੀਂ ਦਿੰਦਾ
ਸਾਡੇ ਹੀ ਸਿਰਜੇ ਘਰਾਂ ਨੂੰ
ਬਣਾ ਰਿਹੈ
ਸਾਡੇ ਹਿੱਸੇ ਦਾ ਅੰਬਰ
ਪਾ ਰਿਹੈ
ਪੈਰੀਂ ਬੇੜੀਆਂ
ਤਰ੍ਹਾਂ-ਤਰ੍ਹਾਂ ਦੇ ਸੁਹਜ ਦੀਆਂ
ਦੇ ਰਿਹਾ ਹੈ
ਛੱਤਾਂ ਹੀ ਛੱਤਾਂ
ਤਾਂ ਕਿ
ਵੇਖ ਨਾ ਸਕੀਏ ਤਾਰੇ
ਲੈ ਨਾ ਸਕੀਏ ਕੋਈ ਸੁਨੇਹਾ
ਚਮਕਣ ਦਾ, ਲਿਸ਼ਕਣ ਦਾ

## ਉਲਝੀ ਜ਼ਿੰਦਗੀ

ਅਜੀਬ ਦਾਇਰਿਆਂ 'ਚ
ਵਾ-ਵਰੋਲ਼ਿਆਂ ਵਾਂਗ
ਘਿਰ ਗਈ ਹੈ ਜ਼ਿੰਦਗੀ

ਦਾਇਰੇ
ਜਿਨ੍ਹਾਂ 'ਚ ਭਟਕ ਰਹੀ ਹੈ ਜ਼ਿੰਦਗੀ
ਹਫ਼ ਰਹੀ ਹੈ ਜ਼ਿੰਦਗੀ
ਥਲ ਵਿਚ
ਭਟਕਦੇ ਹਿਰਨ ਵਾਂਗ

ਦਾਇਰਿਆਂ ਦੇ ਦੌਰ 'ਚ
ਭਟਕ ਰਹੀ ਹੈ ਜ਼ਿੰਦਗੀ
ਇਹ ਜੋ
ਆਦਮ ਤੋਂ ਚੱਲੀ ਸੀ
ਚੁਰਾਇਆ ਸੀ ਸਿਰਫ਼
ਸੁਪਨਿਆਂ ਦਾ ਸੇਬ
ਤੇ ਸ਼ੁਰੂ ਹੋ ਗਈ ਸੀ
ਦਾਇਰਿਆਂ ਦੀ ਗਿਣਤੀ

ਦਾਇਰਿਆਂ ਦੇ ਦੌਰ 'ਚ
ਘਿਰ ਗਿਆ ਸੀ ਮਰਿਯਾਦਾ ਪ੍ਰਸ਼ੋਤਮ
ਧੋਬੀ ਦਾ ਤਾਅਨਾ
ਬਣ ਗਿਆ ਸੀ
ਸੀਤਾ ਲਈ ਸੰਘਣੇ ਵਣਾਂ ਦਾ ਦਾਇਰਾ

ਕੇਹਾ ਸਰਾਪ ਸੀ
ਦਾਇਰਿਆਂ ਦੀ ਪਰਿਧੀ
ਪੁੱਜ ਗਈ ਸੀ ਮਹਾਂਭਾਰਤ ਤੱਕ
ਧਰਤੀ ਦਾ ਇਕ ਟੁਕੜਾ
ਬਣ ਗਿਆ ਸੀ
ਯੁੱਧ ਦਾ ਮੈਦਾਨ

ਦਾਇਰਿਆਂ 'ਚ
ਘਿਰੀ ਸੋਚ ਨੇ ਹੀ
ਕਰਿਆ ਸੀ ਦਰੋਪਦੀ ਦਾ ਚੀਰ-ਹਰਨ

ਦਾਇਰੇ ਹੁਣ ਵੀ ਨੇ
ਜਿਨ੍ਹਾਂ 'ਚ ਹੁਣ ਵੀ ਘਿਰੇ ਹਾਂ
ਸੋਚ ਵੀ ਘਿਰੀ ਹੈ
ਹੋਰ ਕੁਝ ਵੀ ਨਹੀਂ ਬਦਲਿਆ
ਬਦਲੇ ਨੇ ਯੁੱਧ ਦੇ ਮੈਦਾਨ

ਅੱਜ ਆਦਮੀ ਤੁਰਦਾ ਨਹੀਂ
ਸਿਰਫ਼ ਦਾਇਰੇ ਸਿਰਜਦਾ ਹੈ
ਭਟਕਣ ਲਈ
ਚਾਂਦੀ ਰੰਗੇ ਪਾਣੀਆਂ 'ਚ ਡੁੱਬਣ ਲਈ
ਚਾਂਦੀ ਦੀ ਚਮਕ
ਜੋ ਅੱਖਾਂ ਚੁੰਧਿਆ ਰਹੀ ਹੈ
ਆਦਮੀ ਨੂੰ ਆਦਮੀ ਤੋਂ
ਦੂਰ ਲਿਜਾ ਰਹੀ ਹੈ
ਦਾਇਰੇ ਵਧਾ ਰਹੀ ਹੈ

ਜ਼ਿੰਦਗੀ ਵਹਿਣ ਹੈ
ਨਦੀ ਦੇ ਤੇਜ਼ ਵਹਾਅ ਵਾਂਗ
ਜ਼ਿੰਦਗੀ ਸੁਗੰਧ ਹੈ

ਚੁਫ਼ੇਰੇ ਫੈਲਣ ਲਈ
ਚੌਗਿਰਦਾ ਮਹਿਕਾਉਣ ਲਈ
ਬੰਦਿਸ਼ਾਂ ਤੋੜਨ ਲਈ

ਜ਼ਿੰਦਗੀ ਵੰਝਲੀ ਹੈ
ਮਰਦਾਨੇ ਦੀ ਰਬਾਬ ਵੀ
ਮੁਹੱਬਤ ਦੀ ਕਿਤਾਬ ਜਿਹੀ
ਰੂਹ ਤੋਂ ਰੂਹ ਤੱਕ ਦਾ ਸਫ਼ਰ ਵੀ

ਜ਼ਿੰਦਗੀ ਘਿਰ ਗਈ ਹੈ
ਦਾਇਰਿਆਂ 'ਚ
ਘਿਰੇ ਹੋਏ ਪਾਣੀਆਂ ਵਾਂਗ
ਘਿਰੇ ਹੋਏ ਪਾਣੀ ਦੀ
ਗਹਿਰਾਈ ਨਹੀਂ ਹੁੰਦੀ
ਗੰਧਲੇ ਪਾਣੀਆਂ 'ਚੋਂ
ਵੇਖੇ ਨਹੀਂ ਜਾ ਸਕਦੇ ਅਕਸ

ਦਾਇਰਿਆਂ ਦੀ ਹੋਂਦ
ਅੰਬਰੀਂ ਉਡਣ ਨਹੀਂ ਦਿੰਦੀ
ਦਾਇਰਿਆਂ ਦੀ ਹੋਂਦ
ਵਿਗਸਣ ਨਹੀਂ ਦਿੰਦੀ
ਜ਼ਿੰਦਗੀ ਤੁਰਨਾ ਚਾਹੁੰਦੀ ਹੈ
ਜ਼ਿੰਦਗੀ ਵਿਗਸਣਾ ਚਾਹੁੰਦੀ ਹੈ

## ਉਦਾਸ ਪਲਾਂ ਦੀ ਕਥਾ

ਮੇਰੇ ਮੱਥੇ 'ਚ ਪਈਆਂ
ਤਿਉੜੀਆਂ ਦੀ ਵਜ੍ਹਾ ਨਾ ਪੁੱਛ
ਤਨ ਤੇ ਲੰਗਾਰ ਪਾਈ ਫਿਰਦੀ
ਮੰਗਤੀ ਦੇ ਬਦਨ ਵੱਲ
ਲਲਚਾਈਆਂ ਨਜ਼ਰਾਂ ਵੇਖ ਕੇ
ਨਿਰਾਸ਼ ਨਾ ਹੋਵਾਂ?

ਔਹ ਵੇਖ!
ਧੁੱਪ ਮੀਂਹਾਂ ਤੋਂ ਬਚੇ
ਸਰਕਾਰੀ ਪੁਰਜੇ
ਕਰਦੇ ਨਹੀਂ ਨਿਤਾਣਿਆਂ ਨਾਲ਼ ਨਿਆਂ
ਝਾਕਦੇ ਰਹਿੰਦੇ ਨੇ
ਹਾੜਦੇ ਰਹਿੰਦੇ ਨੇ
ਮੁਫ਼ਲਿਸਾਂ ਦੇ ਖੀਸਿਆਂ ਵੱਲ
ਕਸਾਈਆਂ ਵਾਂਗ

ਔਹ ਵੇਖ!
ਝੂਠੇ ਲਾਰਿਆਂ ਦੇ ਚੱਪੂਆਂ ਨਾਲ਼
ਕਰਕੇ ਦਰਵੇਸ਼ਾਂ ਦੀਆਂ
ਵੋਟਾਂ ਦਾ ਸੋਸ਼ਣ
ਸੌਂ ਰਿਹਾ ਹੈ ਦਿਨ ਦੀਵੀ
ਕੁੰਭਕਰਨ ਦੀ ਨੀਂਦ
ਜਾਗਦਾ ਹੈ ਜੋ ਵੋਟਾਂ ਦੀ ਰੁੱਤੇ।

ਔਹ ਵੇਖ!
ਮੈਰਿਜ਼ ਪੈਲਿਸਾਂ ਦੀ ਰੌਣਕ
ਜਗਮਗਉਂਦੀਆਂ ਰੌਸ਼ਨੀਆਂ 'ਚ

ਦਹੇਜ-ਮੰਡਪ 'ਚ
ਪਰਨਾਈਆਂ ਜਾ ਰਹੀਆਂ ਧੀਆਂ
ਜਿਨ੍ਹਾਂ 'ਚੋਂ ਬਹੁਤ ਸਾਰੀਆਂ
ਉਮਰੋਂ ਪਹਿਲਾਂ ਹੀ
ਹੋ ਜਾਂਦੀਆਂ ਨੇ ਅਗਨ-ਭੇਟ

ਦਸਾਂ ਨਹੁੰਆਂ ਨੂੰ
ਹੁਣ ਕਿਰਤ ਨਹੀਂ ਮਿਲਦੀ
ਬੁਝਾਉਂਦੀਆਂ ਨਹੀਂ ਡਿਗਰੀਆਂ
ਪੇਟ ਦੀ ਅੱਗ
ਭਟਕਦੇ ਪੈਰ
ਤਲਾਸ਼ਦੇ ਨਹੀਂ ਮੰਜ਼ਿਲ
ਨਿਰਾਸ਼ ਨਾ ਹੋਵਾਂ ਤਾਂ ਕੀ ਕਰਾਂ?

## ਜਦ ਹੋਂਦ ਹੀ ਨਾ ਰਹੇ

ਜਦ ਹੋਂਦ ਹੀ ਨਾ ਰਹੇ
ਕੀ ਅਰਥ ਰਖਦੇ ਨੇ
ਸਵੈਮਾਨ ਤੇ ਅਭਿਮਾਨ

ਉਹ ਸੋਚ ਹੀ ਕੀ
ਬਣ ਜਾਵੇ ਜੋ
ਹਉਮੇ ਦੀ ਦਾਸੀ
ਤੋੜ ਲਵੇ ਖ਼ੁਦ-ਬ-ਖ਼ੁਦ
ਆਪਣੇ ਸਾਹਾਂ ਦੀ ਤੰਦ

ਮੌਤ ਦੇ ਦਰ
ਦਸਤਕ ਦੇਣ ਤੋਂ ਪਹਿਲਾਂ
ਕਿਉਂਕਿ ਨਹੀਂ ਸੋਚਦਾ ਮਨੁੱਖ
ਉਸਦੀਆਂ ਵੀ ਜੁੜੀਆਂ ਨੇ
ਵੱਖ-ਵੱਖ ਆਂਦਰਾਂ ਨਾਲ਼
ਅਹਿਸਾਸ ਦੀਆਂ ਤੰਦਾਂ

ਅੰਬਰੀਂ ਉਡਦਾ ਪੰਛੀ ਵੀ
ਜੁੜਿਆ ਰਹਿੰਦਾ ਹੈ
ਆਲ੍ਹਣੇ ਦੇ ਤੀਲਿਆਂ ਨਾਲ਼
ਜ਼ਰੂਰੀ ਨਹੀਂ
ਤੁਹਾਨੂੰ ਉਡੀਕਦਾ ਹੋਵੇ
ਮੰਜ਼ਿਲ ਦਾ ਹਰ ਰਾਹ
ਜ਼ਰੂਰੀ ਨਹੀਂ ਉਸਦਾ ਕਣ-ਕਣ
ਤੁਹਾਨੂੰ ਹੀ
ਕਹਿ ਰਿਹਾ ਹੋਵੇ ਖੁਸ਼ਆਮ-ਦੀਦ

ਚਲਦਿਆਂ ਰਾਹਾਂ 'ਚ
ਬਹੁਤ ਕੁਝ ਆਉਂਦਾ ਹੈ
ਜਿਵੇਂ ਫ਼ਰਿਹਾਦ ਦੇ ਰਾਹ 'ਚ
ਆਇਆ ਸੀ ਪਰਬਤ
ਜਿਵੇਂ ਪਰਬਤਾਂ ਨਾਲ਼
ਨਾ ਟੱਕਰ ਲੈਣਾ ਹੈ ਬੁਜ਼ਦਿਲੀ
ਓਵੇਂ ਚੱਟਾਨਾਂ ਨਾਲ਼
ਸਿਰ ਪਟਕ-ਪਟਕ ਕੇ
ਸਾਹਾਂ ਦੀ ਤੰਦ
ਤੋੜਨਾ ਵੀ ਹੈ ਬੁਜ਼ਦਿਲੀ

## ਯਾਦਾਂ ਦੇ ਅਕਸ

ਬੜਾ ਅਜੀਬ ਹੁੰਦੈ
ਯਾਦਾਂ ਦਾ ਅਕਸ

ਯਾਦਾਂ!
ਉੱਕਰ ਜਾਂਦੀਆਂ ਨੇ
ਮਨਾਂ 'ਤੇ
ਜਿਨ੍ਹਾਂ ਵਿਚਦੀ ਸੋਚ ਤੇ ਸਾਹ
ਵਗਦੇ ਰਹਿੰਦੇ ਨੇ ਪਾਣੀਆਂ ਵਾਂਗ

ਮਸਤੀ 'ਚ ਤੁਰਦੇ
ਪੰਛੀਆਂ ਵਾਂਗ
ਪੋਲੇ-ਪੋਲੇ ਪੱਬ ਧਰਦੀਆਂ
ਆਉਂਦੀਆਂ ਨੇ ਯਾਦਾਂ
ਮਿੱਠੀਆਂ, ਕੌੜੀਆਂ ਤੇ ਸੱਚੀਆਂ
ਪਾਈ ਰਖਦੀਆਂ ਨੇ
ਜ਼ਿਹਨ 'ਚ ਘੁੰਮਣ ਘੇਰੀਆਂ

ਯਾਦਾਂ ਹੁੰਦੀਆਂ ਨੇ
ਨਿਰਛਲ ਪਿਆਰ
ਉਮਡ ਦੀਆਂ ਨੇ ਹੜ੍ਹਾਂ ਵਾਂਗ
ਬਣਦੀਆਂ ਨੇ ਸਮੇਂ ਦਾ ਰਾਗ
ਜ਼ਿੰਦਗੀ ਦਾ ਸਾਜ
ਯਾਦਾਂ ਮਨਾਂ 'ਚ
ਲਹਿ ਜਾਂਦੀਆਂ ਨੇ
ਸ਼ਰਬਤ ਦੀ ਘੁੱਟ ਵਾਂਗ

ਯਾਦਾਂ!
ਕਿਸੇ ਦੇ ਵਿਛੜਨ 'ਤੇ
ਬਣ ਜਾਂਦੀਆਂ ਨੇ
ਵੈਰਾਗ ਤੇ ਉਦਾਸਮਈ ਸੰਗੀਤ

ਯਾਦਾਂ!
ਦਰਪਣ ਹੁੰਦੀਆਂ ਨੇ
ਜਿਨ੍ਹਾਂ 'ਚੋਂ ਦਿਸਦਾ ਰਹਿੰਦਾ ਹੈ
ਗੁਆ ਲਏ ਨਕਸ਼ਾਂ ਦਾ ਅਕਸ

## ਤਰੇਲ ਬੂੰਦ ਦਾ ਸਫ਼ਰ

ਤਰੇਲ ਬੂੰਦੇ!
ਤੂੰ ਆਦਿ ਕਾਲ ਤੋਂ
ਕਰ ਰਹੀ ਏਂ
ਨਾ ਮੁੱਕਣ ਵਾਲਾ ਸਫ਼ਰ

ਤੇਰੇ 'ਤੇ ਪੈਂਦੀਆਂ
ਸੂਰਜ ਦੀਆਂ ਕਿਰਨਾਂ
ਭਰ ਦਿੰਦੀਆਂ ਨੇ
ਤੇਰੀ ਹੋਂਦ 'ਚ ਸੱਤ ਰੰਗ
ਕੁਝ 'ਛਿਣਾਂ' ਲਈ
ਬਣਾ ਦਿੰਦੀਆਂ ਨੇ
ਸੁੱਚਾ ਮੋਤੀ ਜਾਂ ਕੋਹਿਨੂਰ ਹੀਰਾ

ਤੂੰ ਹਰ ਸਵੇਰ
ਅਸਮਾਨ ਤੋਂ ਟਪਕੇਂ
ਘਾਹ ਦੀਆਂ ਤਿੜਾਂ
ਜਾਂ ਫੁੱਲ ਪੱਤੀਆਂ 'ਚ ਅਟਕੇਂ
ਸੂਰਜ ਦੀ ਤਪਸ਼
ਰਚਾ ਦਿੰਦੀ ਹੈ ਤੈਨੂੰ
ਪੌਣਾਂ ਦਿਆਂ ਸਾਹਾਂ 'ਚ
ਬਣਾ ਦਿੰਦੀ ਹੈ
ਬੱਦਲ ਜਾਂ ਬਰਫ਼ ਦਾ ਹਿੱਸਾ
ਹਰ ਸਵੇਰ
ਹੁੰਦਾ ਹੈ ਤੇਰਾ ਪੁਨਰ ਜਨਮ

ਤੂੰ ਚੰਗੀ ਏਂ
ਉਸ ਮੋਤੀ ਤੋਂ
ਜੋ ਜੜਿਆ ਹੁੰਦਾ ਹੈ

ਰਾਜੇ ਦੇ ਮੁਕਟ 'ਚ
ਭੋਗਦਾ ਹੈ
ਕਿਸੇ ਗੁਨਾਹਗਾਰ ਵਾਂਗ ਲੰਬੀ ਕੈਦ
ਵੇਖਦਾ ਹੈ
ਤੇਰੇ ਜਿਹੇ ਮਨੁੱਖਾਂ ਦੀਆਂ
ਭਾਵਨਾਵਾਂ ਦੇ ਹੁੰਦੇ ਕਤਲ

ਤਰੇਲ ਬੂੰਦੇ!
ਤੇਰਾ ਸਫ਼ਰ
ਹਮੇਸ਼ਾ ਜਾਰੀ ਰਹਿੰਦਾ ਹੈ
ਸ਼ਬਦਾਂ ਦੇ ਸਫ਼ਰ ਵਾਂਗ

## ਬਿਖੜੇ ਪੈਂਡਿਆਂ ਦੀ ਦਾਸਤਾਨ

ਬਹੁਤ ਲੰਬੀ ਹੈ
ਬਿਖੜੇ ਪੈਂਡਿਆਂ ਦੀ ਦਾਸਤਾਨ
ਕਦੇ ਵੀ
ਨਾ ਮੁੱਕਣ ਵਾਲਾ ਸਿਲਸਿਲਾ

ਮੈਂ ਨਹੀਂ ਸੀ ਚਾਹਿਆ
ਤੇਰੇ ਸਾਹਾਂ 'ਚ
ਕੁੜੱਤਣ ਹੋ ਘੁਲ਼ਣਾ
ਬੇ-ਵਿਸ਼ਵਾਸਾ ਹੋ ਕੇ
ਤੇਰੇ ਮਨ ਦੀਆਂ ਪਰਤਾਂ ਫਰੋਲਣਾ

ਤੈਰਦੀ ਸੀ ਸੋਚ
ਮੁਹੱਬਤ ਦੇ ਸੁੱਚੇ ਪਾਣੀਆਂ 'ਤੇ
ਫੁੱਲਾਂ 'ਤੇ ਪਈ ਤਰੇਲ ਵਾਂਗ
ਉਹੀ ਫੁੱਲ ਬਣ ਜਾਣਗੇ
ਤੇਰੀ ਮੁਹੱਬਤ
ਦੇ ਅਗਨਬਾਣ
ਬਹੁਤ ਚਾਹਿਆ
ਕਿ ਰਾਹ ਬਣ ਜਾਣਗੇ
ਤੇਰੇ ਇਕਰਾਰ
ਦੂਰ ਹੋ ਜਾਣਗੇ
ਰਾਹਾਂ 'ਚ ਆਏ ਅਣਚਾਹੇ ਮੰਜ਼ਰ

ਰਸਤੇ ਬਿਨਾਂ
ਲੜਖੜਾ ਜਾਂਦੇ ਨੇ ਪੈਰ
ਸੁਰ-ਤਾਲ ਬਿਨਾਂ
ਕੁਝ ਵੀ ਨਹੀਂ ਹੁੰਦਾ ਸੰਗੀਤ

ਬਹੁਤ ਲੰਬੀ ਹੈ
ਬਿਖੜੇ ਪੈਂਡਿਆਂ ਦੀ ਦਾਸਤਾਨ

## ਸਿਆਹ ਹਨੇਰੀ

ਇਹ ਜੋ ਉਠ ਰਹੀ ਹੈ
ਸਿਆਹ ਹਨੇਰੀ
ਪੱਤਾ ਨਾ ਕੋਈ ਹਿੱਲ ਰਿਹਾ
ਰੁੱਖ ਹੋ ਰਹੇ ਨੇ ਢਹਿ ਢੇਰੀ

ਸੂਰਜ ਤਾਂ ਹੁਣ ਵੀ ਚੜ੍ਹਦੈ
ਕੋਸੀਆਂ ਧੁੱਪਾਂ ਲੈ ਕੇ
ਪਰ ਚਾਨਣ ਨਹੀਂ ਦਿਸ ਰਿਹਾ
ਅੰਧਕਾਰ ਹੀ ਅੰਧਕਾਰ
ਕਾਲਖ਼ ਹੀ ਕਾਲਖ਼
ਫਿਰ ਗਈ ਹੈ ਚਾਰ ਚੁਫ਼ੇਰੀਂ

ਡਰਿਆ ਡਰਿਆ ਹੈ ਆਦਮੀ
ਡਰੀ ਹੋਈ ਹੈ ਫ਼ਿਜ਼ਾ
ਡਰਦਾ ਹੈ ਆਦਮੀ, ਆਦਮੀ ਤੋਂ

ਇੱਕੀਵੀਂ ਸਦੀ
ਨੇੜੇ ਹੈ ਆ ਰਹੀ
ਇਨਸਾਨ ਨੇ ਤਰੱਕੀ
'ਬਹੁਤ' ਕਰ ਲਈ ਹੈ
ਵੱਡੀ ਮੱਛੀ ਛੋਟੀ ਨੂੰ ਹੈ ਖਾ ਰਹੀ
ਸੱਚ ਸਾਹਮਣੇ ਆ ਰਿਹੈ
ਮਸਲੇ ਜੋ ਉਲਝ ਗਏ
ਉਲਝੇ ਨਹੀਂ, ਉਲਝਾਏ ਗਏ
ਮਸਲਾ ਕੋਈ ਵੀ ਹੋਵੇ
ਖਾੜੀ ਦਾ, ਪੰਜਾਬ ਦਾ
ਕਸ਼ਮੀਰ ਦਾ, ਆਸਾਮ ਦਾ
ਅਯੁੱਧਿਆ ਦਾ, ਮਦਰਾਸ ਦਾ

ਪੈਦਾ ਕੀਤੇ ਸ਼ੈਤਾਨ ਨੇ
ਹੱਲ ਕਰੇਗਾ ਆਖ਼ਿਰ ਇਨਸਾਨ
ਇਹ ਮੇਰਾ ਨਹੀਂ
ਵਿਸ਼ਵਾਸ ਹੈ ਮਾਨਵਤਾ ਦਾ

## ਤ੍ਰਿਸ਼ਨਾ

ਬਹੁਤ ਵਾਰ
ਰੋਕਿਆ ਸੀ ਉਸਨੂੰ
ਨਾ ਜਾਇਆ ਕਰ
ਹਨ੍ਹੇਰੇ ਰਾਹਾਂ 'ਚ
ਤਲਾਸ਼ਣ ਲਈ
ਗੁਆਚੇ ਮਨ ਦਾ ਚੈਨ

ਬਹੁਤ ਬੇ-ਚੈਨ ਸੀ ਉਹ
ਸ਼ੋਰ ਤੋਂ ਰੌਲ਼ੇ ਤੋਂ
ਸ਼ੂਕਦੀਆਂ ਹਵਾਵਾਂ ਤੋਂ
ਜਾਣਦਾ ਨਹੀਂ ਸੀ ਉਹ
ਮਨੁੱਖ ਦੇ ਅੰਦਰ ਵੀ
ਹੁੰਦਾ ਹੈ ਸ਼ੋਰ
ਜਵਾਰ-ਭਾਟੇ ਤੇ ਤੂਫ਼ਾਨ ਵਾਂਗ

ਮਨ ਦੀਆਂ ਪਰਤਾਂ 'ਚ
ਦਬਿਆ ਹੋਇਆ ਸ਼ੋਰ
ਕਈ ਵਾਰ ਤੋੜ ਦਿੰਦਾ ਹੈ
ਮਨ ਦੀਆਂ ਦੀਵਾਰਾਂ
ਸਰਹਿੰਦ ਦੇ ਕਿਲੇ ਵਾਂਗ
ਨਿਕਲ ਆਉਂਦਾ ਹੈ ਬਾਹਰ
ਜਵਾਲਾ-ਮੁਖੀ ਵਾਂਗ
ਲਾਉਂਦਾ ਹੈ
ਭਟਕਣਾ ਦੇ ਭੰਵਰ 'ਚ ਤਾਰੀ
ਖੋਹ ਲੈਂਦਾ ਹੈ ਮਨ ਦਾ ਚੈਨ
ਟੰਗਦਾ ਹੈ ਰੂਹ ਨੂੰ
ਸੰਤਾਪ ਦੀ ਸੂਲ਼ੀ
ਭਟਕਦਾ ਹੈ ਮਨ

ਮਿਰਗ ਵਾਂਗ
ਸਿਰਜਦਾ ਹੈ ਚੁਫ਼ੇਰੇ ਹਨ੍ਹੇਰੀਆਂ ਕੰਧਾਂ

ਬਹੁਤ ਮੁਸ਼ਕਿਲ ਸੀ ਬਚਣਾ
ਸ਼ੋਰ ਤੋਂ
ਸ਼ੋਰ ਜੋ
ਉਹਦੇ ਅੰਦਰ ਸੀ
ਸ਼ੋਰ ਜੋ ਉਹਦੇ ਬਾਹਰ ਸੀ
ਸ਼ੋਰ ਜੋ
ਰੂਹ ਨੂੰ ਡੰਗਦਾ ਸੀ
ਸੁੱਖ, ਚੈਨ ਸ਼ਾਂਤੀ ਦਾ
ਸਾਹਾਂ ਤੋਂ ਇਵਜ਼ ਮੰਗਦਾ ਸੀ
ਨਿਹੱਥੀਆਂ ਸਨ
ਸਬਰ-ਸੰਤੋਖ ਦੀਆਂ ਗੱਲਾਂ

ਸਿੱਕਿਆਂ ਦੀ ਦੌੜ 'ਚ
ਸ਼ਾਮਿਲ ਸੀ ਉਹ
ਲੋਚਦਾ ਸੀ ਸਿਕੰਦਰ ਵਾਂਗ
ਦੂਰ ਤੱਕ ਕੋਹਰਾ ਹੋ ਫੈਲ ਜਾਣਾ
ਪਰ ਉਹਨੇ
ਨਹੀਂ ਦੇਖੇ ਸਨ
ਕਬਰ 'ਚੋਂ ਦਿਖਾਈ ਦਿੰਦੇ
ਸਿਕੰਦਰ ਦੇ ਖਾਲੀ ਹੱਥ

ਮੱਛੀਆਂ ਵੀ
ਮੁੜ ਆਉਂਦੀਆਂ ਨੇ
ਪੱਥਰਾਂ ਦਾ ਸੁਆਦ ਚੱਖ
ਭਟਕਣ ਦਾ ਵੀ ਹੁੰਦਾ ਹੈ ਅੰਤ
ਹਵਾਵਾਂ ਵੀ
ਪਰਬਤਾਂ ਨਾਲ ਸਿਰ ਪਟਕ-ਪਟਕ

ਹੋ ਜਾਂਦੀਆਂ ਨੇ ਸ਼ਾਂਤ
ਕਦੇ ਤਾਂ ਵੇਖੇਗਾ ਉਹ
ਵਕਤ ਦੇ ਸ਼ੀਸ਼ੇ 'ਚੋਂ ਆਪਣਾ ਵਜੂਦ

## ਆਜ਼ਾਦੀ ਦੇ ਅਰਥ

ਸਦੀਆਂ ਤੋਂ
ਗੁਲਾਮੀ ਭੋਗਦੀਆਂ
ਭੁੱਲ ਗਈਆਂ ਨੇ ਉਹ
ਆਜ਼ਾਦੀ ਦੇ ਅਰਥ

ਆਜ਼ਾਦੀ ਫ਼ਿਲਮੀ ਪਰਦੇ ਤੋਂ
ਸਿੱਖੀਆਂ ਅਦਾਵਾਂ ਦੀ ਪੇਸ਼ਕਾਰੀ ਨਹੀਂ
ਤੇ ਨਾ ਹੀ
ਬਿਊਟੀ ਪਾਰਲਰ ਤੋਂ
ਖਰੀਦੀ ਨਕਸ਼ਾਂ ਦੀ ਸਜਾਵਟ

ਬਹੁਤ ਲਗਦੀ ਹੈ
ਮੈਰਿਜ਼ ਪੈਲਿਸਾਂ 'ਚ
ਸੁੰਦਰਤਾ ਦੀ ਨੁਮਾਇਸ਼
ਪਰ ਆਜ਼ਾਦੀ ਸੂਚਕ ਨਹੀਂ
ਹਾਰ ਸ਼ਿੰਗਾਰ
ਤੇ ਅੱਧ ਕੱਜੇ ਜਿਸਮਾਂ ਦੀ
ਨਾ ਹੀ ਸੂਚਕ ਹੁੰਦੇ ਨੇ
ਮਰਦਾਂ ਦੀ ਬਰਾਬਰੀ ਕਰਦੇ
ਪਹਿਨੇ ਬਸਤਰ

ਆਜ਼ਾਦੀ
ਤਿਤਲੀਆਂ ਵਾਂਗ
ਇਕ ਫੁੱਲ ਤੋਂ
ਦੂਜੇ ਫੁੱਲ ਤੱਕ ਦਾ
ਸਫ਼ਰ ਵੀ ਨਹੀਂ
ਤੇ ਨਾ ਹੀ

ਪ੍ਰੰਪਰਾ ਤੋਂ ਟੁੱਟ ਕੇ
ਭਟਕਣ ਦਾ ਅਮੁੱਕ ਸਫ਼ਰ

ਆਜ਼ਾਦੀ ਦੀ
ਗਵਾਹੀ ਭਰਦੇ ਨੇ
ਇਤਿਹਾਸ ਦੇ ਉਹ ਪੰਨੇ
ਜਦੋਂ ਧਾਰਿਆ ਸੀ
ਚੰਡੀ ਦਾ ਰੂਪ ਦੁਰਗਾ ਨੇ
ਜੂਝੀ ਸੀ ਜੰਗ 'ਚ
ਝਾਂਸੀ ਦੀ ਰਾਣੀ
ਪਤਾ ਨਹੀਂ ਅਜਿਹੀਆਂ
ਹੋਰ ਕਿੰਨੀਆਂ ਨੇ ਉਹ ਪਾਕਿ ਰੂਹਾਂ
ਜਿਨ੍ਹਾਂ ਕਲਾਵੇ 'ਚ ਲੈ ਕੇ
ਲੱਭ ਲਏ ਸੀ ਆਜ਼ਾਦੀ ਦੇ ਅਰਥ

ਸੁੰਦਰਤਾ ਸਿਰਫ਼
ਦਿਵਾ ਸਕਦੀ ਹੈ
ਅਰਥਹੀਣ ਤਾੜੀਆਂ ਤੇ
ਵਿਸ਼ਵ ਪ੍ਰਸਿੱਧੀ
ਪਵਾ ਸਕਦੀ ਹੈ ਧਨੀਆਂ ਤੋਂ
ਆਪਣੇ 'ਤੇ ਸਿੱਕਿਆਂ ਦਾ ਮੀਂਹ
ਰੌਸ਼ਨ ਕਰਵਾ ਸਕਦੀ ਹੈ ਆਪਣੇ ਰਾਹ

ਆਜ਼ਾਦੀ ਲਈ
ਤੋੜਨੇ ਪੈਂਦੇ ਨੇ
ਆਪਣੇ ਦੁਆਲੇ ਸਿਰਜੇ
ਸੌੜੀਆਂ ਸੋਚਾਂ ਦੇ ਘੇਰੇ
ਕਰਨੇ ਪੈਂਦੇ ਨੇ ਮੋਕਲ਼ੇ
ਮਨਾਂ ਦੇ ਵਿਹੜੇ

ਛੱਡਣੀ ਪੈਂਦੀ ਹੈ
ਮਾਨਸਿਕ ਗੁਲਾਮੀ

ਆਜ਼ਾਦੀ ਲਈ
ਕਰਨੀ ਪੈਂਦੀ ਹੈ
ਫ਼ਰਜ਼ਾਂ ਦੀ ਪਹਿਚਾਣ

## ਬਾਲ ਦਿਵਸ

ਲੱਖਾਂ ਬੱਚਿਆਂ ਨੂੰ
ਬਿਨਾਂ ਲੋਰੀ ਦਿੱਤਿਆਂ
ਲੰਘ ਜਾਂਦਾ ਹੈ
ਹਰ ਵਰ੍ਹੇ ਬਾਲ ਦਿਵਸ

ਲੱਖਾਂ ਹੀ ਬੱਚੇ
ਉਸ ਦਿਨ ਵੀ
ਮਾਂਜ ਰਹੇ ਹੁੰਦੇ ਨੇ ਬਰਤਨ
ਪੱਥ ਰਹੇ ਹੁੰਦੇ ਨੇ
ਭੱਠਿਆਂ ਤੇ ਇੱਟਾਂ
ਕਰ ਰਹੇ ਹੁੰਦੇ ਨੇ
ਬੂਟ ਪਾਲਿਸ਼
ਚਮਕਾ ਰਹੇ ਹੁੰਦੇ ਨੇ
ਸੰਗਮਰਮਰੀ ਫ਼ਰਸ਼
ਪਤਾ ਨਹੀਂ
ਕਿਹੜੀ-ਕਿਹੜੀ ਥਾਂ 'ਤੇ
ਮੰਗ ਰਹੇ ਹੁੰਦੇ ਨੇ
ਤਰਲੇ ਕਰ-ਕਰ ਭੀਖ

ਬਹੁਤ ਕੁਝ ਉਸ ਦਿਨ
ਆਖਿਆ ਜਾਂਦਾ ਹੈ
ਬੱਚਿਆਂ ਦੇ ਭਵਿੱਖ ਬਾਰੇ
ਬਹੁਤ ਬਣਦੀਆਂ ਨੇ
'ਬਾਲ ਕਲਿਆਣ' ਸਕੀਮਾਂ
ਜੋ ਬਾਲ ਦਿਵਸ ਦਾ
ਸੂਰਜ ਛਿਪਣ ਤੋਂ ਪਹਿਲਾਂ
ਤੋੜ ਜਾਂਦੀਆਂ ਨੇ ਦਮ
ਕਾਗ਼ਜ਼ਾਂ ਦੀ ਹੁੰਮਸ 'ਚ

ਹਰ ਸਾਲ
ਸੜਕਾਂ 'ਤੇ ਰੁਲ਼ਦੇ
ਲੀਰਾਂ ਚੁਗਦੇ
ਰੋਟੀ ਲਈ ਸਹਿਕਦੇ
ਪਾਣੀ ਲਈ ਵਿਲਕਦੇ
ਲੱਖਾਂ ਬੱਚਿਆਂ ਨੂੰ
ਟੀਰੀ ਅੱਖ ਨਾਲ਼ ਵੇਖਦਾ
ਲੰਘ ਜਾਂਦਾ ਹੈ ਬਾਲ ਦਿਵਸ

## ਸ਼ਹਿਰ

ਬਾਹਰੋਂ ਸਮੁੰਦਰ ਵਾਂਗ
ਸ਼ਾਂਤ ਵਿਖਾਈ ਦੇ ਰਿਹਾ ਹੈ
ਘੁੱਗ ਵਸਦਾ ਸ਼ਹਿਰ
ਅੰਦਰ ਬਹੁਤ ਕੁਝ ਹੋ ਰਿਹਾ ਹੈ
ਜੋ ਦਿਸਦਾ ਨਹੀਂ
ਫ਼ਿਕਰਾਂ ਤੇ ਦੁੱਖਾਂ ਮਾਰੀਆਂ
ਵਿੱਡਰੀਆਂ ਅੱਖਾਂ ਨੂੰ

ਜਿਵੇਂ ਨੇਤਾ ਦੀ
ਇਕ ਨਹੀਂ ਹੁੰਦੀ
ਦਿਲ ਤੇ ਬੁੱਲ੍ਹਾਂ ਦੀ ਜ਼ੁਬਾਨ
ਏਵੇਂ ਹੀ
ਸ਼ਹਿਰ ਵੀ ਕਰਦਾ ਨਹੀਂ
ਹਰ ਇਕ ਨਾਲ਼
ਇਕੋ ਜਿਹਾ ਵਿਵਹਾਰ

ਸ਼ਹਿਰ ਕਿਸੇ ਲਈ
ਬਣਦਾ ਹੈ ਖਿੜਿਆ ਚਮਨ
ਕਿਸੇ ਦੀ ਆਤਮਾ ਵਲੂੰਧਰਨ ਲਈ
ਬਣਦਾ ਹੈ ਪੱਥਰ
ਇਹ ਬਹੁਤਿਆਂ ਨੂੰ
ਲਾਉਂਦਾ ਹੈ ਆਪਣੇ ਸੀਨੇ ਨਾਲ਼
ਬਹੁਤਿਆਂ ਨੂੰ
ਦੁਰਕਾਰਦਾ ਹੈ ਓਪਰਿਆਂ ਵਾਂਗ

ਸ਼ਹਿਰ!
ਜਿਸਨੇ ਸਿਰਜ ਰੱਖੀ ਹੈ
ਆਪਣੀ ਹੀ ਸ਼ੈਲੀ
ਨਾ ਬੋਲਣ ਵਾਲੇ ਨੂੰ
ਦਿੱਤੀ ਜਾਂਦੀ ਹੈ
ਮਨਫ਼ੀ ਹੋਣ ਦੀ ਸਜ਼ਾ

ਸ਼ਹਿਰ ਜੋ ਕਰਦਾ ਹੈ
ਮੁੜ੍ਹਕੇ ਦੀ ਮਹਿਕ ਦਾ ਸੋਸ਼ਣ
ਅੰਬਰ ਛੂੰਹਦੀਆਂ
ਆਲੀਸ਼ਾਨ ਕੋਠੀਆਂ ਦੇ
ਬਚਾਉਂਦਾ ਹੈ ਖੁਰਨੋਂ ਰੰਗ

ਸ਼ਹਿਰ ਜਿਸਦੇ ਅੰਤਰੀਵ ਵਗਦਾ ਹੈ
ਅਸ਼ਲੀਲਤਾ ਦਾ ਤੇਜ਼ ਵਹਾਅ
ਜੋ ਰੋੜ੍ਹ ਕੇ ਲੈ ਜਾਂਦਾ ਹੈ
ਅਣਗਿਣਤ ਕੰਜਕਾਂ ਦੇ
ਦੁੱਧ ਜਿਹੇ ਕੱਚੇ ਚਾਅ

ਸ਼ਹਿਰ!
ਜਿਸਦੇ ਹਰ ਚੌਕ 'ਚ ਨੇ
ਬਹੁ-ਰੰਗੇ ਫੁੱਲ ਹੀ ਫੁੱਲ
ਸ਼ਹਿਰ ਜਿਸ 'ਚ
ਲੱਗੇ ਰੰਗ-ਬਰੰਗੇ ਪੱਥਰ ਵੀ
ਕਰਦੇ ਨੇ ਜੋ ਤਰਜਮਾਨੀ
ਸ਼ਹਿਰ ਦੇ ਕਠੋਰ ਦਿਲ ਦੀ

ਸ਼ਹਿਰ!
ਜਿਥੇ ਸੀਤ ਕਮਰਿਆਂ 'ਚ
ਬੈਠੇ ਬੁੱਧੀਜੀਵੀ ਭੁੱਲ ਗਏ ਨੇ

ਲੋਆਂ 'ਚ ਤਪਦੇ ਜਿਸਮਾਂ ਨੂੰ
ਜੋ ਚੜ੍ਹਦੇ ਸੂਰਜ ਨੂੰ
ਤੱਕਣ ਦੀ ਬਜਾਏ
ਮਾਣਦੇ ਨੇ ਢਲ਼ਦੀਆਂ ਸ਼ਾਮਾਂ

ਸ਼ਹਿਰ!
ਜੋ ਡਾਇਨਾਸੋਰ ਵਾਂਗ
ਨਿਗਲ ਰਿਹਾ ਹੈ
ਪਿੰਡਾਂ ਦੇ ਪਿੰਡ
ਤੋੜ ਰਿਹਾ ਹੈ
ਮੋਹ ਦੀਆਂ ਤੰਦਾਂ
ਪਿੰਡ ਜੋ
ਤੱਕ ਰਹੇ ਨੇ ਸ਼ਹਿਰ ਵੱਲ
ਹਥਿਆਰ-ਹੀਣੇ ਸੂਰਮਿਆਂ ਵਾਂਗ

## ਮਨ ਦੀ ਸ਼ਾਂਤੀ

ਹਵਾ ਤੋਂ ਵੀ
ਜ਼ਰੂਰੀ ਹੁੰਦੀ ਹੈ
ਜਿਉਂਦੇ ਰਹਿਣ ਲਈ
ਮਨ ਦੀ ਸ਼ਾਂਤੀ

ਭਟਕਣ ਦੇ ਸਫ਼ਰ 'ਚ
ਰੰਗੀਨ ਨਜ਼ਾਰਿਆਂ 'ਚੋਂ
ਮਿਲਦੀ ਨਹੀਂ ਕਦੇ
ਮਨ ਦੀ ਸ਼ਾਂਤੀ

ਇਕੱਲਾ ਹੋ ਕੇ ਵੀ
ਬਹੁਤ ਰਿਸ਼ਤਿਆਂ ਨਾਲ਼
ਜੁੜੀਆਂ ਹੁੰਦੀਆਂ ਨੇ
ਮਨ ਦੀਆਂ ਤੰਦਾਂ
ਬੂੰਦ ਵੀ ਹੁੰਦੀ ਹੈ
ਵਹਿੰਦੇ ਦਰਿਆ ਦਾ ਇਕ ਹਿੱਸਾ

ਸ਼ਾਂਤੀ ਲਈ ਛਡਦੇ ਹਾਂ
ਬਹੁਤ ਵਾਰ ਅਸੀਂ
ਹੱਥੀਂ ਸਿਰਜਿਆ ਆਲ੍ਹਣਾ
ਬੁੱਧ ਵਾਂਗ ਅਪਣਾਉਂਦੇ ਹਾਂ
ਤਿਆਗ ਦਾ ਰਾਹ
ਭੁੱਲ ਜਾਂਦੇ ਹਾਂ
ਚਾਂਦੀ ਦੇ ਮਹਿਲ ਪਾਉਣ ਲੱਗਿਆਂ
ਕਰਿਆ ਹੁੰਦੈ ਕਿੰਨਿਆਂ ਨੂੰ ਅਸ਼ਾਂਤ
ਖੋਹੀਆਂ ਹੁੰਦੀਆਂ ਨੇ
ਜਿਨ੍ਹਾਂ ਘਰਾਂ ਦੀਆਂ ਖ਼ੁਸ਼ੀਆਂ

ਬੁਝਾਏ ਹੁੰਦੇ ਨੇ
ਨਿੱਕੇ-ਨਿੱਕੇ ਘਰਾਂ ਨੂੰ
ਰੌਸ਼ਨ ਕਰਦੇ ਚਿਰਾਗ਼

ਸ਼ਾਂਤੀ ਲੱਭਣ ਲਈ
ਜ਼ਰੂਰੀ ਹੈ ਪਿਛਾਂਹ ਪਰਤ ਕੇ
ਤਪਦੀਆਂ ਹਿੱਕਾਂ ਨੂੰ ਠਾਰਨਾ
ਮਜ਼ਲੂਮਾਂ ਦੀਆਂ ਅੱਖਾਂ ਪੂੰਝਣਾ

## ਹਰ ਸਾਲ

ਜਿਣਸ ਵਿਕਣ ਦਾ ਮੌਸਮ
ਹਰ ਸਾਲ
ਬਹਾਰ ਤੇ ਪਤਝੜ ਵਾਂਗ
ਦਿੰਦਾ ਹੈ
ਕਿਸਾਨਾਂ ਦੇ ਦਰੀਂ ਦਸਤਕ

ਹਰ ਸਾਲ
ਕਿਸਾਨਾਂ ਦੀਆਂ ਅੱਖਾਂ 'ਚ
ਲਹਿਰਾਉਂਦੀਆਂ ਫ਼ਸਲਾਂ ਤੱਕ
ਪਲਮਦੇ ਨੇ ਸੁਪਨੇ

ਹਰ ਸਾਲ
ਜਿਣਸ ਵਿਕਣ ਪਿੱਛੋਂ
ਕਿਸਾਨਾਂ ਦੇ ਘਰਾਂ 'ਚ
ਬਾਕੀ ਰਹਿ ਜਾਂਦੇ ਨੇ
ਕਰਜ਼ਿਆਂ ਦੇ ਝੋਰੇ
ਕਿਸ਼ਤਾਂ ਦੇ ਹਉਕੇ
ਹਰ ਸਾਲ ਹੁੰਦੀ ਹੈ
ਕਿਸਾਨਾਂ ਦੀਆਂ ਅੱਖਾਂ 'ਚ
ਫ਼ਸਲ ਪਰਾਈ ਹੋਣ ਦੀ
ਪਲ ਦੋ ਪਲ ਦੀ ਖ਼ੁਸ਼ੀ

ਹਰ ਸਾਲ ਹੁੰਦਾ ਹੈ
ਮੰਡੀਆਂ 'ਚ
ਮੁੜ੍ਹਕੇ ਦੀ ਮਹਿਕ ਦਾ ਦਮਨ

ਹਰ ਸਾਲ
ਲੰਬੀ ਹੋ ਜਾਂਦੀ ਹੈ
ਸ਼ਾਹ ਦੀ ਵਹੀ ਦੀ ਤਹਿਰੀਰ
ਜਿਸਦੀ ਲਪੇਟ 'ਚ
ਆ ਜਾਂਦੇ ਨੇ
ਅਣਗਿਣਤ ਖੇਤ

## ਧੀ ਦਾ ਅਹਿਸਾਸ

ਪਲਾਂ ਛਿਣਾਂ 'ਚ
ਹੋ ਜਾਂਦਾ ਹੈ ਮੇਰੇ ਲਈ
ਮਾਂ ਪਿਓ ਦਾ ਘਰ ਪਰਾਇਆ

ਚੇਤਿਆਂ 'ਚ
ਰਹਿ ਜਾਂਦੀਆਂ ਨੇ
ਗੁੱਡੀਆਂ, ਪਟੋਲੇ, ਪੀਂਘਾਂ
ਸਖ਼ੀਆਂ ਨਾਲ਼ ਜੁੜੀਆਂ ਯਾਦਾਂ

ਪਲਾਂ ਛਿਣਾਂ 'ਚ
ਸ਼ੁਰੂ ਹੋ ਜਾਂਦਾ ਹੈ
ਇਕ ਨਵਾਂ ਸਫ਼ਰ

ਮਾਂ ਪਿਉ
ਤੇ ਭੈਣਾਂ ਭਾਈਆਂ ਦੇ ਹੰਝੂ ਦਿੰਦੇ ਨੇ
ਨਵੇਂ ਸੰਚੇ 'ਚ ਢਲ਼ ਕੇ
ਜਿਉਣ ਦੀ ਸਿੱਖਿਆ
ਕਿਰਨਾਂ ਵਰਗਾ ਹੁੰਦਾ ਹੈ
ਮੇਰਾ ਵੀ ਸਫ਼ਰ
ਸਵੇਰ ਕਿਤੇ, ਦੁਪਹਿਰ ਕਿਤੇ
ਤੇ ਹੁੰਦੀ ਹੈ
ਕਿਸੇ ਹੋਰ ਥਾਂ 'ਤੇ ਸ਼ਾਮ

ਕਿਉਂ ਜ਼ਰੂਰੀ ਨੇ
ਮੇਰੀ ਜੀਵਨ ਕਿਸ਼ਤੀ ਨੂੰ
ਬਿਗਾਨੇ ਦਰ 'ਤੇ ਪੁੱਜਣ ਲਈ
ਸੋਨੇ ਦੇ ਚੱਪੂ

ਮੇਰੇ ਦੁਆਲੇ ਪਿਆ ਝੁਰਮਟ
ਪੜ੍ਹਾਉਂਦਾ ਹੈ ਮੈਨੂੰ
ਸਹਿਣਸ਼ੀਲਤਾ ਦਾ ਪਾਠ
ਬਦਲ ਕੇ ਮੇਰਾ ਨਾਂ

ਪਲਾਂ ਛਿਣਾਂ 'ਚ
ਹੋ ਜਾਂਦਾ ਹੈ ਮੇਰੇ ਲਈ
ਮਾਂ-ਪਿਉ ਦਾ ਘਰ ਪਰਾਇਆ

## ਸਿਰਫ਼ ਇਕ ਰਾਤ 'ਚ

ਸਿਰਫ਼ ਇਕ ਰਾਤ 'ਚ
ਜ਼ਿੰਦਗੀ ਲੈ ਲੈਂਦੀ ਹੈ
ਨਵੀਂ ਕਰਵਟ

ਭਟਕਣ ਦੇ ਖ਼ਿਲਾਅ ਦਾ
ਹੋ ਜਾਂਦਾ ਹੈ ਅੰਤ
ਉਡੀਕ ਰਹੇ ਹੁੰਦੇ ਨੇ
ਬੰਧਨਾਂ ਦੇ ਦੁਆਰ

ਸਿਰਫ਼ ਇਕ ਰਾਤ 'ਚ
ਬਹੁਤ ਪਿਛਾਂਹ
ਸਰਕ ਜਾਂਦੇ ਨੇ
ਮਾਂ ਜਾਏ ਰਿਸ਼ਤੇ

ਸਿਰਫ਼ ਇਕ ਰਾਤ 'ਚ
ਬਣ ਜਾਂਦਾ ਹੈ ਕੋਈ
ਸਾਹਾਂ ਦਾ ਸਾਕ

## ਹੰਝੂਆਂ ਦੇ ਸੋਮੇ

ਜਦੋਂ ਪੜ੍ਹਨੀ ਆਈ
ਅੱਖਾਂ ਦੇ ਕੋਇਆਂ 'ਚੋਂ
ਡਿਗਦੇ ਹੰਝੂਆਂ ਦੀ ਭਾਸ਼ਾ
ਚੇਤਿਆਂ 'ਚ ਉੱਭਰੀਆਂ
ਅਣਗਿਣਤ ਲਾਚਾਰ ਅੱਖਾਂ

ਕੋਸੀਆਂ ਹਵਾਵਾਂ 'ਚ
ਸੁੱਕ ਜਾਂਦੇ ਨੇ
ਹੰਝੂਆਂ ਦੇ ਵਹਿਣ
ਪਰ ਸੁਕਦੇ ਨਹੀਂ
ਮਨਾਂ 'ਚੋਂ ਫੁਟਦੇ
ਦੁੱਖਾਂ ਦੇ ਸੋਮੇ

ਅਸੀਮ ਹੋ ਕੇ ਵੀ
ਵਿਸ਼ਾਲ ਹੁੰਦੀ ਹੈ
ਹੰਝੂਆਂ ਦੀ ਭਾਸ਼ਾ
ਮਨੁੱਖ ਜਿਸਨੂੰ ਖ਼ੁਦ ਨਹੀਂ
ਕੋਈ ਹੋਰ ਲਿਖਦਾ ਹੈ
ਬਹੁਤ ਵੇਖੇ ਨੇ
ਤਾੜੀਆਂ ਦੀ ਗੂੰਜ 'ਚ
ਸੱਪਾਂ ਵਾਂਗ ਮਸਤ ਹੋ ਕੇ
ਲਾਚਾਰ ਮਨੁੱਖਾਂ ਦੇ
ਹੰਝੂ ਪੂੰਝਦੇ ਹੱਥ
ਬਹੁਤ ਵੇਖੀਆਂ ਨੇ
ਪਲ ਦੋ ਪਲ ਲਈ
ਹੰਝੂਆਂ ਤੋਂ ਸੱਖਣੀਆਂ
ਅਹਿਸਾਨ-ਮੰਦ ਹੁੰਦੀਆਂ
ਲਾਚਾਰ ਅੱਖਾਂ

ਮੈਂ ਜਾਣਦਾ ਹਾਂ
ਉਨ੍ਹਾਂ ਹੱਥਾਂ ਨੂੰ
ਜੋ ਚਿਰਾਂ ਤੋਂ
ਚਿੱਟੇ ਦਿਨ 'ਚ
ਮਜ਼ਬੂਰ ਅੱਖਾਂ 'ਚ ਲਿਖਦੇ ਆ ਰਹੇ ਨੇ
ਹੰਝੂਆਂ ਦੀ ਇਬਾਰਤ

ਮੇਰੇ ਸਿਰਫ਼
ਜਾਨਣ ਤੇ ਪਹਿਚਾਨਣ ਨਾਲ਼
ਨਹੀਂ ਸੁਕਦੇ
ਲਾਚਾਰ ਮਨੁੱਖਾਂ ਦੇ
ਮਨਾਂ 'ਚੋਂ ਫੁਟਦੇ
ਹੰਝੂਆਂ ਦੇ ਸੋਮੇ

## ਅੱਗ

ਚਾਰੇ ਪਾਸੇ
ਸੁਲ਼ਗ ਰਹੀ ਹੈ
ਅੱਗ ਹੀ ਅੱਗ

ਅੱਗ
ਇਸ਼ਕ ਦੀ ਵੀ ਹੁੰਦੀ ਹੈ
ਜਨੂੰਨ ਦੀ, ਜਿਸਮ ਦੀ
ਰੂਹ ਦੀ, ਆਂਦਰਾਂ ਦੀ
ਸਿਵੇ ਦੀ, ਭੁੱਖੇ ਪੇਟ ਦੀ
ਤੱਤੀ ਤਵੀ ਦੇ ਹੇਠ
ਮੱਚਦੀਆਂ ਲੱਕੜਾਂ ਦੀ

ਅੱਗ
ਜਿਸਮ ਫੂਕ ਸਕਦੀ ਹੈ
ਅੱਗ ਕਾਇਨਾਤ ਜਲ਼ਾ ਸਕਦੀ ਹੈ
ਅੱਗ
ਜਜ਼ਬਾਤ ਠਾਰ ਦਿੰਦੀ ਹੈ
ਅੱਗ ਰਖਦੀ ਹੈ
ਬੀਤੇ ਸਮੇਂ ਨੂੰ ਤਰੋ-ਤਾਜ਼ਾ
ਅੱਗ ਰੋਹ ਬਣ ਉਠਦੀ ਹੈ
ਕਾਫ਼ਲਾ ਬਣ ਤੁਰਦੀ ਹੈ
ਅੱਗ ਨਾਲ਼
ਭਾਂਬੜ ਬਣ ਜਾਂਦੇ ਨੇ
ਲੱਖਾਂ ਹੀ ਖਿਲਰੇ ਤੀਲੇ

ਅੱਗ ਸਿਰਜਦੀ ਹੈ
ਨਵੇਂ ਦਿਸਹੱਦੇ
ਜੰਜ਼ੀਰਾਂ ਵੀ

ਅੱਗ ਹੁੰਦੀ ਹੈ ਸ਼ਕਤੀ
ਮਨੁੱਖ ਦੀ
ਅੱਗ ਕਰ ਸਕਦੀ ਹੈ
ਮਨੁੱਖਾਂ ਦੀ ਬਰਬਾਦੀ
ਅੱਗ ਬੁਝਾਈ ਵੀ ਜਾ ਸਕਦੀ ਹੈ
ਅੱਗ ਭੜਕਾਈ ਵੀ ਜਾ ਸਕਦੀ ਹੈ

ਅੱਗ ਦੀ ਅਗਵਾਈ
ਕਰ ਰਹੀਆਂ ਲਪਟਾਂ
ਮੱਚ ਰਹੇ ਵਣ 'ਚੋਂ
ਕੁਰਸੀ ਦੀ ਭਾਲ਼
ਕਰ ਰਹੀਆਂ ਨੇ
ਫਿਰਕੂ ਤੇ ਜਨੂੰਨੀ ਅੱਗਾਂ

## ਇਕ ਖ਼ਤ

ਸੱਜਣਾ!
ਹੁਣ ਉਹ ਗੱਲਾਂ ਨਹੀਂ ਰਹੀਆਂ
ਪਹਿਲਾਂ ਤਾਂ ਦਿਲ ਜਲ਼ਦੇ ਸਨ
ਹੁਣ ਸ਼ਹਿਰ ਬਲ਼ਦੇ ਨੇ

ਉਦੋਂ ਮਹਿਬੂਬ ਦੀ ਉਡੀਕ ਹੁੰਦੀ ਸੀ
ਇਕਰਾਰ ਹੁੰਦਾ ਸੀ ਗ਼ਿਲਾ ਤੇ ਸ਼ਿਕਵਾ ਵੀ

ਪਰ ਹੁਣ
ਉਹ ਉਡੀਕ
ਇਕਰਾਰ
ਸੁਪਨਾ
ਸਭ ਇਬਾਰਤ ਬਣ ਗਏ ਨੇ
ਗਿਲਾ ਵੀ ਕਿਸ 'ਤੇ ਕਰੀਏ?

ਸੱਜਣਾ!
ਕਦੇ ਸੋਚਿਆ ਸੀ
ਕਿ ਵੰਗਾਂ ਦੀ ਛਣਕਾਰ
ਮਹਿੰਦੀ ਰੰਗੇ ਹੱਥਾਂ ਦਾ
ਸ਼ਿੰਗਾਰ ਬਣੇਗੀ
ਤੇ ਹਵਾ 'ਚ ਗੂੰਜਦੇ ਹਰਫ਼ਾਂ ਨੂੰ
ਤਰੰਨੁਮ ਮਿਲੇਗੀ

ਪਰ ਹੁਣ
ਉਹ ਛਣਕਾਰ ਕਿੱਥੇ
ਵੰਗਾਂ ਹੀ ਟੁੱਟ ਗਈਆਂ ਨੇ
ਮੱਥੇ ਦਾ ਸੰਧੂਰ
ਹਨੇ੍ਹਰੀ ਹੋ ਗਿਆ ਹੈ
ਫ਼ਿਜ਼ਾਂ ਸੁਰਖ਼ ਹੋ ਗਈ ਹੈ
ਹਵਾ 'ਚੋਂ ਸੁਣਾਈ ਦਿੰਦੀਆਂ ਨੇ
ਯਤੀਮ ਮਾਸੂਮਾਂ ਦੀਆਂ ਚੀਕਾਂ

ਪਤਾ ਨਹੀਂ ਸੱਜਣਾ
ਇਨਸਾਨੀਅਤ ਕਿਹੜੇ ਡੂੰਘੇ ਟੋਏ 'ਚ

ਦਫ਼ਨ ਹੋ ਗਈ ਹੈ
ਦਹਿਸ਼ਤ ਦਾ ਬੋਲ ਬਾਲਾ ਹੈ
ਸਹਿਮ ਤੇ ਡਰ ਨਾਲ਼
ਉਦਾਸ ਹੋ ਗਿਆ ਹੈ ਸਾਰਾ ਆਲਮ

ਪਹਿਲਾਂ ਵਕਤ ਬੇ-ਖ਼ੌਫ਼ ਸੀ
ਦਿਨ, ਦਿਨ ਵਰਗਾ ਸੀ
ਰਾਤ, ਰਾਤ ਵਰਗੀ ਸੀ
ਪਰ ਹੁਣ
ਚੰਨ ਦੀਆਂ ਰਿਸ਼ਮਾਂ
ਭਾਂਬੜ ਬਣ ਜਾਂਦੀਆਂ ਨੇ
ਤੇ ਦਿਨ ਰਾਤ ਵਰਗਾ ਲਗਦੈ

ਹੋਰ ਤੈਨੂੰ ਕੀ ਦੱਸਾਂ
ਇਨਸਾਨ ਦੀਆਂ ਨਜ਼ਰਾਂ
ਸ਼ੱਕੀ ਹੋ ਗਈਆਂ ਨੇ
ਹਾਸੇ ਗੁਆਚ ਗਏ
ਖ਼ੁਸ਼ੀਆਂ ਅਲੋਪ ਹੋ ਗਈਆਂ ਨੇ
ਹੁਣ ਗਿੱਧੇ ਭੰਗੜੇ ਨਹੀਂ ਪੈਂਦੇ
ਮੌਤ ਦਾ ਤਾਂਡਵ ਨਾਚ ਹੁੰਦਾ ਹੈ
ਦਿਨ ਦਿਹਾੜੇ
ਮੌਤ ਮਸੀਹਾ ਬਣੀ
ਗਲੀਆਂ, ਬਾਜ਼ਾਰਾਂ, ਪਿੰਡਾਂ 'ਚ
ਸ਼ਰ੍ਹੇਆਮ ਦਹਾੜਦੀ ਹੈ
ਸੋਗ ਪਸਰ ਗਿਆ ਹੈ
ਖ਼ੁਸ਼ੀਆਂ ਅਲੋਪ ਹੋ ਗਈਆਂ ਨੇ

## ਕੂਕ

ਬਚਪਨ 'ਚ ਸੁਣੀ
ਉਸ ਕੂਕ ਦਾ
ਹੁਣ ਵੀ ਪੈਂਦਾ ਹੈ ਭੁਲੇਖਾ
ਜੋ ਸੁਣੀ ਸੀ
ਸਮੁੰਦਰ ਦੇ ਕੰਢੇ ਤੋਂ
ਜਿਥੇ ਫੈਲੀ ਹੁੰਦੀ ਸੀ
ਦੂਰ ਤੱਕ ਤਪਦੀ
ਰੇਤ ਹੀ ਰੇਤ

ਚੌਗਿਰਦੇ ਫੈਲਿਆ ਸੀ
ਸੱਨਾਟਾ ਹੀ ਸੱਨਾਟਾ
ਅਚਾਨਕ ਸੁਣਾਈ ਦਿੱਤੀ
ਪਾਣੀ ਵਾਲੇ ਜਹਾਜ਼ ਦੀ
ਵਾਤਾਵਰਨ ਨੂੰ ਵਿੰਨ੍ਹਦੀ
ਬਹੁਤ ਹੀ ਤੇਜ ਕੂਕ

ਬਚਪਨ ਵਿਚ
ਮਨ ਦੇ ਚਿੱਤਰ ਪਟ 'ਤੇ
ਕਿਸੇ ਸੁਨੇਹੇ ਵਾਂਗ
ਉੱਕਰ ਗਈ ਸੀ ਉਹ ਕੂਕ
ਕੂਕ
ਜੋ ਉਠਦੀ ਹੈ
ਲਤਾੜੇ ਹੋਏ ਮਨੁੱਖੀ ਮਨਾਂ 'ਚੋਂ
ਕੂਕ, ਜੋ ਹਿਲਾ ਦਿੰਦੀ ਹੈ
ਲੋਕਾਂ ਦਾ ਦਮਨ ਕਰਦੇ ਅੰਬਰ

ਕੂਕ
ਜੋ ਸੁੱਤੀ ਹੁੰਦੀ ਹੈ

ਇਤਿਹਾਸ ਦੇ ਪੰਨਿਆਂ 'ਚ
ਕੂਕ ਜੋ
ਜਗਾਈ ਜਾ ਸਕਦੀ ਹੈ
ਹਿੰਮਤ, ਹੌਸਲੇ ਤੇ ਅਣਖ ਨਾਲ਼

ਕੂਕ
ਜੋ ਸੁਨੇਹਾ ਹੈ, ਹੋਕਾ ਹੈ
ਜਾਗ੍ਰਤੀ ਦਾ, ਪ੍ਰਗਤੀ ਦਾ
ਤਬਦੀਲੀ ਦਾ
ਜਿਸਨੂੰ ਵਕਤ ਦੀ ਸ਼ਰਾਰਤ ਨੇ
ਕੀਤੀ ਹੈ ਹਮੇਸ਼ਾ
ਮਿਟਾਉਣ ਦੀ ਕੋਸ਼ਿਸ਼

ਕਦੇ-ਕਦੇ
ਭੁਲੇਖਾ ਜਿਹਾ ਪੈਂਦਾ ਹੈ
ਹੁਣ ਉਸ ਕੂਕ ਦਾ
ਅੱਖਾਂ ਹੋ ਰਹੀਆਂ ਨੇ ਜੋਤ-ਹੀਣ
ਪਰ ਕੰਨ ਹੋ ਰਹੇ ਨੇ ਬੇ-ਤਾਬ
ਸੁਣਨ ਲਈ
ਉਹ ਕੂਕ

## ਸੁਨਹਿਰੇ ਪਲ

ਬੜੀ ਤੇਜ਼ ਚੱਲ ਰਹੀ ਹੈ
ਸਮੇਂ ਦੀ ਚੱਕੀ
ਜਿਸ 'ਚ ਪਿਸ ਰਹੇ ਨੇ
ਉਮਰਾਂ ਦੇ ਪਲ

ਪਲ ਜੋ
ਠਹਿਰ ਸਕਦੇ ਨੇ
ਪਲ ਜੋ
ਢਾਲ਼ੇ ਜਾ ਸਕਦੇ ਨੇ
ਸੁਨਹਿਰੀ ਹਰਫ਼ਾਂ 'ਚ
ਪਲ ਜੋ
ਸਾਂਭੇ ਜਾ ਸਕਦੇ ਨੇ
ਹੀਰਿਆਂ ਵਾਂਗ

ਸਾਂਭੇ ਹੋਏ ਪਲ
ਸਦੀਆਂ ਤੱਕ ਰਹਿੰਦੇ ਨੇ ਜਿਊਂਦੇ
ਬਣਦੇ ਨੇ ਅਮਿੱਟ ਪੈੜਾਂ
ਇਤਿਹਾਸ ਦੇ ਪੰਨਿਆਂ ਦੀਆਂ...

## ਬਾਹਰੀ ਚਮਕ

ਉਹ ਜੋ ਸੀ ਮੇਰੇ ਨਾਲ਼
ਮੁੱਦਤਾਂ ਤੋਂ
ਪਰ ਹੁਣ ਉਹ ਗੁਆਚ ਗਈ ਹੈ
ਨਿੱਕੇ-ਨਿੱਕੇ ਸੁਪਨਿਆਂ ਨਾਲ਼
ਹੁਣ ਉਸਨੂੰ ਬਾਜ਼ਾਰ ਦੀ ਸਤਰੰਗੀ ਚਮਕ
ਦਿਖਾਈ ਦਿੰਦੀ ਹੈ
ਪਰ ਉਸਨੂੰ ਨਹੀਂ ਪਤਾ ਕਿ ਚਮਕ
ਬਹੁਤੀ ਦੇਰ ਨਹੀਂ ਟਿਕਦੀ
ਚਮਕ ਕੁਝ ਦੇਰ ਚੁੰਧਿਆ
ਦਿੰਦੀ ਐ ਅੱਖਾਂ
ਫੇਰ ਹਨ੍ਹੇਰਾ ਪਸਰ ਆਉਂਦਾ ਹੈ
ਚੌਂ-ਤਰਫ਼ੀ
ਗੁਆਚ ਜਾਂਦੀਆਂ ਨੇ
ਅਕਾਂਖਿਆਵਾਂ

ਜ਼ਿੰਦਗੀ ਦੀ ਚੂਹੇ ਦੌੜ 'ਚ
ਕਈ ਵਾਰ ਅੱਗੇ ਵੀ ਲੰਘ ਜਾਂਦੀ ਐ
ਬਾਹਰੀ ਚਮਕ
ਪਰ ਛਲਾਵਾ, ਛਲਾਵਾ ਹੀ ਹੁੰਦੈ
ਹਕੀਕਤ ਤੋਂ ਮੋੜਿਆ ਨਹੀਂ ਜਾ ਸਕਦਾ ਮੁੱਖ
ਜੋ ਕੱਚੇ ਘਰਾਂ ਦੇ ਬਨੇਰਿਆਂ 'ਤੇ
ਲਿਖਿਆ ਹੁੰਦਾ ਹੈ
ਸੱਚ ਦਾ ਸਿਰਨਾਵਾਂ
ਜਿਸਨੂੰ ਪੜ੍ਹਨ ਲਈ
ਅੱਖਾਂ ਦੀ ਨਹੀਂ
ਅਹਿਸਾਸ ਦੀ ਲੋੜ ਹੁੰਦੀ ਐ

## ਪੈੜ

ਹਾਂ! ਹੁਣ ਮੇਰੇ ਸਾਹਮਣੇ ਪੈੜ ਹੈ
ਜੋ ਪਤਾ ਨਹੀਂ ਕਿੱਥੋਂ ਆਈ
ਪਾਣੀ ਸੰਗ
ਲੰਬੇ ਪੈਂਡੇ ਨੂੰ ਤੈਅ ਕਰਦੀ
ਠਹਿਰ ਗਈ ਹੈ ਕੁਝ ਪਲ
ਫਿਰ ਤੋਂ ਲੰਬੇ ਸਫ਼ਰ 'ਤੇ ਜਾਣ ਲਈ
ਇਕ ਅਜਿਹੇ ਸਫ਼ਰ 'ਤੇ
ਜਿਥੇ ਗੁਰੂ ਨਾਨਕ ਦੀ ਪੈੜ ਹੋਵੇ
ਜਿਥੇ ਬੁੱਧ ਦੇ ਅੱਠ ਮਾਰਗ
ਦਿਖਾਈ ਦਿੰਦੇ ਹੋਣ...
ਕਿੰਨਾ ਸੌਖਾ ਹੁੰਦਾ
ਪੈੜਾਂ 'ਤੇ ਪੈਰ ਰੱਖਣਾ
ਪਰ ਕਿੰਨਾ ਔਖਾ ਹੁੰਦਾ
ਉਨ੍ਹਾਂ ਪਦ-ਚਿੰਨ੍ਹਾਂ 'ਤੇ ਚੱਲਣਾ

ਬੱਸ ਸਾਡੇ ਲਈ ਤਾਂ
ਪੈੜਾਂ! ਇਬਾਦਤ ਹੀ
ਬਣ ਸਕਦੀਆਂ ਨੇ
ਅਜਿਹੀਆਂ ਹੀ ਪੈੜਾਂ
ਬਣ ਗਈਆਂ ਸੀ
ਜੋ ਰਾਜ ਸਿੰਘਾਸਣ
ਭਰਤ ਲਈ ਰਾਮ ਦੀਆਂ
ਉਹ ਖੜਾਵਾਂ...

ਅਜਿਹਾ ਵਿਸ਼ਵਾਸ
ਦ੍ਰਿੜ ਸੰਕਲਪ
ਸਾਡੇ ਕੋਲ਼ ਕਿੱਥੇ....?
ਅਸੀਂ ਤਾਂ ਰੇਤੇ ਦੀਆਂ ਪੈੜਾਂ 'ਚੋਂ

ਲੱਭਦੇ ਹਾਂ
ਉਹ ਨਕਸ਼ ਜੋ ਅਲੋਪ ਹੋ ਜਾਂਦੇ ਨੇ
ਚੰਦ ਮਿੰਟਾਂ 'ਚ
ਪਾਣੀ ਦੀਆਂ ਛੱਲਾਂ ਨਾਲ਼

## ਹੇ ! ਪਿੰਡ

ਹੇ! ਪਿੰਡ
ਤੂੰ ਸ਼ਹਿਰ ਨਾ ਆਈਂ
ਆਵੇ ਤਾਂ ਚੇਤਨ ਹੋ ਕੇ
ਤੈਨੂੰ ਉਡੀਕ ਰਿਹਾ ਹੈ
ਇਥੋਂ ਦਾ ਬਾਜ਼ਾਰ
ਜਿਸਦੀ ਨਿਗ੍ਹਾ ਹੈ ਤੇਰੀ ਜੇਬ 'ਤੇ

ਹੇ! ਪਿੰਡ
ਤੈਨੂੰ ਪਤਾ ਨਹੀਂ
ਸ਼ਹਿਰ ਦਾ ਬਾਜ਼ਾਰ
ਜਿਸਦੇ ਦੁਕਾਨਦਾਰ
ਰੋਜ਼ ਧੂਫ਼-ਬੱਤੀ ਕਰਕੇ
ਮੰਗਦੇ ਨੇ ਰੱਬ ਤੋਂ
ਕਿ ਕੋਈ ਪੇਂਡੂ ਆਵੇ
ਜੇਬ ਆਪਣੀ ਖਾਲੀ ਕਰ ਜਾਵੇ

ਹੇ! ਪਿੰਡ
ਤੂੰ ਜ਼ਰਾ ਸੋਚ
ਆਪਣਾ ਤੀਸਰਾ ਨੇਤਰ ਖੋਲ੍ਹ
ਤੇਰੇ ਅੰਦਰ ਹੈ ਅਥਾਹ ਸ਼ਕਤੀ
ਤੂੰ ਨਹੀਂ ਜਾਣਦਾ
ਤੂੰ ਹੀ ਹੈਂ ਸ਼ਹਿਰਾਂ ਦਾ ਨਿਰਮਾਤਾ
ਪਰ ਤੇਰੀ ਜ਼ਮੀਨ
ਅੱਜ ਗਹਿਣੇ ਹੈ
ਤੂੰ ਕਰਜ਼ੇ ਹੇਠਾਂ ਦਬ ਰਿਹੈਂ

ਹੇ! ਪਿੰਡ
ਤੂੰ ਆਪਣੀਆਂ ਇੱਛਾਵਾਂ ਸੀਮਤ ਕਰੀਂ

ਆਪਣੇ ਖਰਚੇ ਘਟਾਈਂ
ਤੈਨੂੰ ਲੋੜ ਨਹੀਂ
ਜਰੀ ਮੜ੍ਹੇ ਸੂਟ ਦੇਣ ਦੀ
ਤੈਨੂੰ ਕੋਈ ਲੋੜ ਨੀ
ਦਾਜ 'ਚ ਕਾਰਾਂ ਦੇਣ ਦੀ
ਪੈਲਿਸਾਂ 'ਚ ਵਿਆਹ ਕਰਨ ਦੀ
ਤੂੰ ਆਪਣੀ ਪਹੁੰਚ
ਆਪਣਿਆਂ ਨਾਲ ਵਧਾਈਂ

ਹੇ ਪਿੰਡ!
ਤੇਰੇ ਅੰਦਰ ਸਮਰੱਥੈ
ਸਭ ਕੁਝ ਕਰਨ ਦੀ
ਦਾਲਾਂ, ਸਬਜ਼ੀਆਂ, ਗੁੜ, ਖੱਦਰ
ਪੈਦਾ ਕਰਨ ਤੇ ਬੁਣਨ ਦੀ
ਤੇਰੇ ਹੱਥਾਂ 'ਚ ਸਭ ਬਰਕਤਾਂ ਨੇ
ਤੂੰ ਸ਼ਹਿਰ ਦੀ ਚਮਕ 'ਚ
ਭੁੱਲ ਗਿਐਂ ਗੌਰਵੀ ਵਿਰਸੇ ਨੂੰ
ਇਸ ਸੋਚ ਨੂੰ ਮੁੜ ਦੁਹਰਾਈਂ
ਹੇ! ਪਿੰਡ ਤੂੰ ਸ਼ਹਿਰ ਨਾ ਆਈਂ

ਹੇ! ਪਿੰਡ
ਤੇਰੀਆਂ ਮੁਟਿਆਰਾਂ ਦੀ
ਕੱਢੀ ਫੁਲਕਾਰੀ
ਸ਼ਹਿਰਾਂ 'ਚ ਅਮੁੱਲ ਹੈ
ਤੂੰ ਉਨ੍ਹਾਂ ਨੂੰ
ਮੁੜ ਫੁਲਕਾਰੀ ਕੱਢਣ ਦੀ ਆਦਤ ਪਾਈਂ
ਤੂੰ ਨਹੀਂ, ਸਗੋਂ
ਸ਼ਹਿਰ ਨੂੰ ਪਿੰਡ 'ਚ ਮੋੜ ਲਿਆਈਂ

ਹੇ! ਪਿੰਡ
ਕੋਈ ਦੇਵੇ ਵੀ, ਲਈਂ ਨਾ
ਖੇਤੀ ਸੰਦਾਂ ਲਈ ਕਰਜ਼ਾ
ਆਪਣੇ ਪਿੰਡ ਦੀ ਸੱਥ 'ਚ ਬੈਠ ਕੇ
ਸਾਂਝੀ ਖੇਤੀ ਦੀ ਗੱਲ ਚਲਾਈਂ
ਸੁਸਾਇਟੀ ਬਣਾ ਕੇ
ਖੇਤੀ ਸੰਦਾਂ 'ਤੇ ਹੁੰਦਾ ਖਰਚਾ ਘਟਾ ਕੇ
ਫ਼ਸਲਾਂ ਦਾ ਵੱਧ ਮੁੱਲ ਪਵਾਈਂ
ਥੋੜ੍ਹੇ ਸਾਧਨਾਂ ਨਾਲ
ਵੱਧ ਧਨ ਕਮਾਈਂ
ਹੇ! ਪਿੰਡ
ਤੂੰ ਸ਼ਹਿਰ ਨਾ ਆਈਂ

## ਇਮਤਿਹਾਨ ਬਾਕੀ ਹੈ

ਸਰਦ ਰਾਤ
ਕਾਲ਼ੀ ਬੋਲ਼ੀ
ਸੁੰਨਮ-ਸੁੰਨੀ
ਸਾਹਾਂ 'ਚ ਗਰਮੀ
ਪੈਰਾਂ 'ਚ ਛਾਲੇ
ਰਾਹ ਪਥਰੀਲੇ
ਅਸਮਾਨ ਵੱਲ ਤੱਕ
ਉਸ ਕਿਹਾ
ਇਮਤਿਹਾਨ ਬਾਕੀ ਹੈ

ਸਰਦ ਰਾਤ
ਕਾਲ਼ੀ ਬੋਲ਼ੀ
ਸੁੰਨਮ-ਸੁੰਨੀ
ਸਰਸਾ ਦਾ ਕਿਨਾਰਾ
ਰੋੜ੍ਹ ਕੇ ਲੈ ਗਿਆ
ਮਣਾਂ ਮੂੰਹੀਂ ਸਾਹਿਤ
ਹੋ ਗਿਆ ਅੱਡੋ-ਅੱਡ
ਖਿੰਡ-ਪੁੰਡ ਗਿਆ
ਸਾਰਾ ਪਰਿਵਾਰ

ਸਰਦ ਰਾਤ
ਕਾਲ਼ੀ ਬੋਲ਼ੀ
ਸੁੰਨਮ-ਸੁੰਨੀ
ਸ਼ਾਂਤ ਗੜ੍ਹੀ 'ਚੋਂ
ਕੀਰਤਨ ਸੋਹਿਲੇ ਦੀ ਧੁਨ ਗੂੰਜੀ
ਉੱਚਾ ਉਠਿਆ ਧੂੰਆਂ
ਲਾਸ਼ਾਂ ਦੇ ਢੇਰ 'ਚੋਂ
ਫੇਰ ਬਰਛੇ ਤਣ ਗਏ
ਤੇਜ ਤਰਾਰ ਕਿਰਚ ਨੇ

ਵੱਖ ਕੀਤਾ ਸੀਸ ਧੜ ਨਾਲ਼ੋਂ
ਸਿਦਕੀ ਸ਼ਰਨ ਕੌਰ ਦਾ
ਧੂੰਆਂ ਹੋਰ ਉੱਚਾ ਉਠਿਆ

ਸਰਦ ਰਾਤ
ਕਾਲ਼ੀ ਬੋਲ਼ੀ
ਸੁੰਨਮ-ਸੁੰਨੀ
ਠੰਡੇ ਬੁਰਜ 'ਚ
ਦਾਦੀ ਆਪਣੇ ਪੋਤਿਆਂ ਨੂੰ
ਪੜ੍ਹਾ ਰਹੀ ਹੈ
ਸਿਦਕ ਦਾ ਪਾਠ
ਡੋਲ ਗਿਆ
ਸਿੰਘਾਸਣ ਮੁਗਲ ਸਰਕਾਰ ਦਾ
ਪਰ ਨੀਵੀਂ ਨਾ ਹੋਈ ਧੌਣ
ਮਾਸੂਮ ਸਿਦਕਵਾਨਾਂ ਦੀ
ਰੋ ਪਈਆਂ ਦੀਵਾਰਾਂ...

ਸਰਦ ਰਾਤ
ਕਾਲ਼ੀ ਬੋਲ਼ੀ
ਸੁੰਨਮ-ਸੁੰਨੀ
ਛੱਡ ਆਇਆ
ਚਾਰੇ ਸਾਹਿਬਜ਼ਾਦੇ
ਸਮੁੱਚਾ ਪਰਿਵਾਰ
ਪੈਰਾਂ 'ਚ ਛਾਲੇ
ਰਾਹ ਪਥਰੀਲੇ
ਤੱਕ ਅਸਮਾਨ ਵੱਲ ਕਿਹਾ
ਮਿੱਤਰ ਪਿਆਰੇ ਨੂੰ
ਹਾਲ ਮੁਰੀਦਾਂ ਦਾ ਕਹਿਣਾ

## ਪੁੱਤ ਦੀ ਬਲੀ

ਉਸਨੂੰ ਕੀ ਪਤਾ ਸੀ
ਕਿ ਜ਼ਮੀਨ ਹੀ ਉਸਦੀ ਮੌਤ ਦਾ
ਕਾਰਨ ਬਣੇਗੀ
ਉਹ ਤਾਂ ਅਜੇ ਦੋ ਸਾਲਾਂ ਦਾ ਮਾਸੂਮ ਸੀ
ਪਰ ਕਈ ਕਿੱਲਿਆਂ ਦਾ ਸੀ ਮਾਲਕ
ਜੋ ਦੇ ਗਿਆ ਸੀ
ਉਸਨੂੰ ਦਾਦਾ ਮਰਦਾ ਮਰਦਾ

ਉਸ ਮਾਸੂਮ ਦੇ ਬਾਪ
ਦੀ ਚੰਦਰੀ ਆਦਤ ਨੇ
ਕਰਾਇਆ ਸੀ
ਉਸ ਮਾਸੂਮ ਦਾ ਕਤਲ
ਸ਼ਰਾਬ ਦੀ ਲੋਰ 'ਚ
ਭੁੱਲ ਗਿਆ ਸੀ ਉਹ
ਉਸਦੀਆਂ ਆਂਦਰਾਂ ਦਾ ਹੀ
ਖ਼ੂਨ ਸੀ ਉਹ ਮਾਸੂਮ
ਪਰ ਉਸਨੂੰ ਤਾਂ ਆਪਣਾ ਬੱਚਾ
ਜਾਪਦਾ ਸੀ ਆਪਣਾ ਦੁਸ਼ਮਣ
ਜੋ ਹੁਣ ਉਸ ਲਈ ਸ਼ਰੀਕ ਬਣ ਗਿਆ ਸੀ

ਉਸ ਮਾਸੂਮ ਦੇ ਬਾਪ ਅੰਦਰ
ਨਸ਼ੇ ਦੇ ਤਿੱਖੇ ਵਾਰ ਨੇ
ਵਿੰਨ੍ਹ ਦਿੱਤਾ ਸੀ
ਉਸਦਾ ਦਿਲੋ-ਦਿਮਾਗ
ਉਸ ਅੰਦਰ ਇਕ ਤੂਫ਼ਾਨ ਉਠਿਆ
ਜੋ ਹਨ੍ਹੇਰੀ ਬਣ
ਉਸ ਮਾਸੂਮ ਲਈ

ਨਹਿਰ ਦੀ ਛੱਲ ਦਾ
ਬਣ ਗਿਆ ਸੀ ਇਕ ਹਿੱਸਾ
ਜ਼ਮੀਨ ਦੇ ਲਾਲਚ ਵੱਸ
ਹੋ ਗਿਆ ਸੀ ਹੁਣ ਤੀਲਾ-ਤੀਲਾ

ਹੁਣ ਉਸਦੀਆਂ ਅੱਖਾਂ 'ਚ
ਜ਼ਮੀਨ ਦੀ ਮਾਲਕੀ ਦੀ ਖ਼ੁਸ਼ੀ ਸੀ
ਤੇ ਨਾਲ਼ ਹੀ ਇਕ ਪਛਤਾਵਾ ਵੀ
ਜ਼ਮੀਨ ਦੇ ਬਦਲੇ ਪੁੱਤ ਦੀ ਬਲੀ
ਪਰ ਉਸਨੂੰ ਤਾਂ ਇਹ ਵੀ ਨਹੀਂ ਪਤਾ ਸੀ
ਨਾ ਹੁਣ ਜ਼ਮੀਨ ਮਿਲੇਗੀ
ਨਾ ਹੀ ਮਾਸੂਮ ਪੁੱਤਰ ਦਾ ਪਿਆਰ
ਬੱਸ ਹੁਣ ਤਾਂ ਸਿਰਫ਼ ਤੇ ਸਿਰਫ਼
ਜੇਲ੍ਹ ਹੀ ਹੋਵੇਗੀ
ਉਸਦਾ ਘਰ

✪✪